ਤਿੰਨ ਭਾਸ਼ਾਈ ਸਪਤਾਹਿਕ

ਬਾਨੀ ਸ਼੍ਰੀਮਾਨ 108 ਸੰਤ ਗਰੀਬ ਦਾਸ ਜੀ
ਸਰਪ੍ਰਸਤ-ਸ਼੍ਰੀ 108 ਸੰਤ ਨਿਰੰਜਣ ਦਾਸ ਜੀ

NO/83/2000-2
PUN PUN 2001/3865
PB-0004/09 (31-12-2011)

# ਬੇਗਮਪੁਰਾ ਸ਼ਹਿਰ

ਮੂਲ੍ਯ : 4 रुपए

ਸੁੰਦਰ ਨਗਰ, ਬੈਕ ਸਾਈਡ ਇੰਡਸਟ੍ਰੀਅਲ ਅਸਟੇਟ
ਜਲੰਧਰ-144 012 (ਪੰਜਾਬ)

Weekly
PUNJABI-HINDI-ENGLISH (Trilingual weekly)
# Begumpura Shaher
SUNDER NAGAR, BACK SIDE INDUSTRIAL ESTATE
JALANDHAR-144 012. PH: 0181-2611697

त्रिभाषीय साप्ताहिक
# बेगमपुरा शहर
सुन्दर नगर, बैकसाईड इंडस्टरीयल एस्टेट
जालन्धर-144 012.

ਬਾਨੀ ਸੰਪਾਦਕ (ਬ੍ਰਹਮਲੀਨ) ਸੰਤ ਰਾਮਾ ਨੰਦ ਜੀ   ਮੁੱਖ ਸੰਪਾਦਕ ਸੰਤ ਸੁਰਿੰਦਰ ਦਾਸ ਬਾਵਾ ਸਾਲ : 11  ਅੰਕ ਨੰ. 22  ਦਿਨ ਸੋਮਵਾਰ 19 ਸਤੰਬਰ, 2011 ਮੁਤਾਬਕ 3 ਅੱਸੂ

Founder Editor : (Brahamleen) Sant Rama Nand Ji, Chief Editor : Sant Surinder Dass Bawa,Year :11, Issue : 22, Day Monday, 19 September 2011 Bikrami Samvat  3 Asuj


## ਮੁਕੇਰੀਆਂ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਅਤੇ ਰਵਿਦਾਸੀਆ ਧਰਮ ਦੇ ਸਥਾਪਨਾ ਦਿਵਸ ਨੂੰ ਸਮਰਪਿਤ 7ਵਾਂ ਮਹਾਨ ਸੰਤ ਸੰਮੇਲਨ ਸ਼ਰਧਾ ਸਹਿਤ ਸੰਪੰਨ

**25000 ਹਜ਼ਾਰ ਤੋਂ ਵੱਧ ਸੰਗਤਾਂ ਪਹੁੰਚੀਆਂ**

ਮਿਤੀ 10-9-2011, ਦਿਨ ਸ਼ਨੀਵਾਰ ਨੂੰ ਮੁਕੇਰੀਆਂ ਦੁਸਹਿਰਾ ਗਰਾਊਂਡ ਵਿਖੇ ਸ਼੍ਰੋਮਣੀ ਸਤਿਗੁਰੂ ਰਵਿਦਾਸ ਸੇਵਕ ਸਭਾ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਤੇ ਰਵਿਦਾਸੀਆ ਧਰਮ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਅਤੇ ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਅਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਨਿੱਘੀ ਯਾਦ ਵਿਚ 7ਵਾਂ ਮਹਾਨ ਸੰਤ ਸੰਮੇਲਨ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਹੇਠ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖਰੇਖ ਹੇਠ ਸ਼ਰਧਾ ਸਹਿਤ ਮਨਾਇਆ ਗਿਆ, ਜਿਸ ਦੇ ਸੰਬੰਧ ਵਿਚ 'ਅੰਮ੍ਰਿਤਬਾਣੀ' ਦੇ ਜਾਪ ਕਰਵਾਏ ਗਏ। ਆਰਤੀ ਦਾ ਗਾਇਨ ਗਿਆਨੀ ਨਰਿੰਦਰ ਸਿੰਘ ਹੈਰੀ ਜੀ, ਗਿਆਨੀ ਸਾਧੂ ਸਿੰਘ ਜੀ, ਗਿਆਨੀ ਇੰਦਰਜੀਤ ਸਿੰਘ ਨਿੱਕਾ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਗੁਰੂ ਮਹਾਰਾਜ ਜੀ ਅੱਗੇ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ ਜਿਸ ਵਿਚ ਗਿਆਨੀ ਨਰਿੰਦਰ ਸਿੰਘ ਜੀ ਨੇ 'ਦੁਖੀਆਂ ਦੇ ਦੁੱਖ ਕੱਟੇ ਬੱਲਾਂ ਵਾਲੇ ਸੰਤਾਂ ਨੇ' ਰਚਨਾ ਸਰਵਣ ਕਰਵਾਈ। ਉਪਰੰਤ ਬੇਬੀ ਮਨਪ੍ਰੀਤ ਕੌਰ ਤਲਵਾੜਾ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ 'ਪ੍ਰੇਮ ਕੀ ਜੇਵਰੀ' ਗਾਇਨ ਕੀਤਾ। ਬੀਬੀ ਕੁਲਵਿੰਦਰ ਕੌਰ ਜੀ ਨੇ ਸਤਿਗੁਰਾਂ ਦੀ ਮਹਿਮਾ ਵਿਚ ਰਚਨਾ ਸਰਵਣ ਕਰਵਾਈ। ਉਪਰੰਤ ਸ਼੍ਰੀ ਨਵਜੋਤ ਕਲਸੀਆ ਜੀ ਨੇ 'ਮੇਰੇ ਗ੍ਰਿਹਿ ਆਇਆ ਰਾਜਾ ਰਾਮ ਜੀ ਕਾ ਪਿਆਰਾ' ਤੇ 'ਰੱਬਾ ਤੈਨੂੰ ਕੀ ਮਿਲਿਆ ਸੰਤ ਰਾਮਾ ਨੰਦ ਸਾਡੇ ਕੋਲੋਂ ਖੋਹ ਕੇ' ਮਹਿਮਾ ਸਰਵਣ ਕਰਵਾਈ। ਉਪਰੰਤ (ਦਾਸ) ਕੁਲਵੰਤ ਕਜਲਾ ਨੇ 'ਰੁੜ੍ਹ ਚਲਿਆ ਸੀ ਕੌਮ ਦਾ ਬੇੜਾ ਗੁਰਾਂ ਆਣ ਕਿਨਾਰੇ ਲਾਇਆ', 'ਜਗਤਗੁਰੂ ਰਵਿਦਾਸ ਦੀ ਹੈ ਕ੍ਰਿਪਾ ਹੋਈ' ਸੰਗਤਾਂ ਨੂੰ ਸਤਿਗੁਰਾਂ ਦੀ ਮਹਿਮਾ ਸਰਵਣ ਕਰਵਾਈ। ਉਪਰੰਤ ਸ੍ਰੀ ਜੋਗਿੰਦਰ ਦੁਖੀਆ ਜੀ ਨੇ 'ਆਓ ਬਹਿ ਕੇ ਸੁਣੀਏ ਜੀ ਗੁਰੂ ਰਵਿਦਾਸ ਅੰਮ੍ਰਿਤਬਾਣੀ, ਰਵਿਦਾਸੀਆ ਧਰਮ ਸਥਾਪਨਾ ਦਿਵਸ ਮਨਾਈਏ ਜੀ, ਜਿੱਥੇ ਡੁੱਲ੍ਹਿਆ ਲਹੂ ਰਵਿਦਾਸੀਆਂ ਦਾ, ਰਚਨਾਵਾਂ ਸੰਗਤਾਂ ਨੂੰ ਸਰਵਣ ਕਰਵਾਈਆਂ। ਇਸ ਤੋਂ ਉਪਰੰਤ ਸੰਤ ਪ੍ਰਵਚਨ ਕਰਾਏ ਗਏ, ਜਿਸ ਵਿਚ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਵਿਸ਼ੇਸ਼ ਜਾਣਕਾਰੀ ਦਿੱਤੀ। ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ

(ਬਾਕੀ ਸਫਾ 10 'ਤੇ)

## ਮੁਹੱਲਾ ਸੰਤੋਖਪੁਰਾ (ਫਗਵਾੜਾ) ਵਿਖੇ ਰਵਿਦਾਸੀਆ ਧਰਮ ਨੂੰ ਸਮਰਪਿਤ ਪਹਿਲਾ ਸੰਤ ਸੰਮੇਲਨ ਸੰਪੰਨ

ਫਗਵਾੜਾ, (ਕੁਲਵੰਤ ਕਜਲਾ)- ਮੁਹੱਲਾ ਸੰਤੋਖਪੁਰਾ ਅਤੇ ਨਿਊ ਸੰਤੋਖਪੁਰਾ ਫਗਵਾੜਾ ਵਿਖੇ ਸ੍ਰੀ ਗੁਰੂ ਰਵਿਦਾਸ ਸੰਤ ਸੰਮੇਲਨ ਕਮੇਟੀ ਅਤੇ ਸਮੂਹ ਸਾਧ ਸੰਗਤ ਵਲੋਂ ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਦੇਖ-ਰੇਖ ਹੇਠ ਸ਼ਰਧਾ ਸਹਿਤ ਕਰਵਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਾਪ ਕਰਵਾਏ ਗਏ। ਆਰਤੀ ਦਾ ਗਾਇਨ ਗਿ. ਮਲਕੀਤ ਦਾਸ ਜੀ ਅਤੇ ਗਿ. ਗੁਰਦੇਵ ਸਿੰਘ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ

(ਬਾਕੀ ਸਫਾ 7 'ਤੇ)

## ਪਿੰਡ ਪਲਾਹੀ (ਫਗਵਾੜਾ) ਵਿਖੇ ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਸ਼ਰਧਾ ਸਹਿਤ ਸੰਪੰਨ

ਮਿਤੀ 8-9-2011, (ਕੁਲਵੰਤ ਕਜਲਾ)-ਰਵਿਦਾਸੀਆ ਧਰਮ ਸੋਸਾਇਟੀ ਪਲਾਹੀ (ਫਗਵਾੜਾ) ਵਲੋਂ ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਸ਼ਰਧਾ ਸਹਿਤ ਕਰਵਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਜਾਪ ਕਰਵਾਏ ਗਏ। ਆਰਤੀ ਦਾ ਗਾਇਨ ਗਿਆਨੀ ਮਲਕੀਤ ਦਾਸ ਜੀ, ਗਿਆਨੀ ਗੁਰਦੇਵ ਸਿੰਘ ਜੀ ਅਤੇ ਪਰਮਿੰਦਰ ਕੁਮਾਰ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ। ਜਿਸ ਵਿਚ ਗਿ. ਮਲਕੀਤ ਦਾਸ ਜੀ ਨੇ 'ਜਾਵਾਂ ਨਿੱਤ-ਨਿੱਤ ਮੈਂ ਬਲਿਹਾਰੇ ਰੱਬ ਦਿਆਂ ਸੰਤਾਂ ਦੇ' ਸੰਗਤਾਂ ਨੂੰ ਮਹਿਮਾ ਸਰਵਣ ਕਰਵਾਈ। ਉਪਰੰਤ ਬੇਬੀ ਸੰਗੀਤਾ ਤੇ ਐਲਫ ਜੀ ਨੇ 'ਸੱਚਖੰਡ ਬੱਲਾਂ ਵਿਚ ਰੱਬ ਵੱਸਦਾ' ਰਚਨਾ ਸੰਗਤਾਂ ਨੂੰ ਸਰਵਣ ਕਰਵਾਈ। ਇਸ ਤੋਂ ਉਪਰੰਤ (ਦਾਸ) ਕੁਲਵੰਤ ਕਜਲਾ ਨੇ ਸਭ ਤੋਂ ਪਹਿਲਾਂ ਅੰਮ੍ਰਿਤਬਾਣੀ ਦਾ ਸ਼ਬਦ 'ਸਤਿਸੰਗਤ ਮਿਲਿ ਰਹੀਐ ਮਾਧਉ ਜੈਸੇ ਮਧਪੁ ਮਖੀਰਾ' ਤੇ ਫਿਰ 'ਸੰਤ ਰਾਮਾਨੰਦ ਜੀ ਐਸਾ ਕਰਮ ਕਮਾ ਗਏ ਨੇ, ਜਾਂਦੇ-ਜਾਂਦੇ ਕੌਮ ਦੀ ਅਣਖ ਜਗਾ ਗਏ ਨੇ', 'ਜਾਗਣ ਦਾ ਵੇਲਾ ਹੁਣ ਸਾਡਾ ਕੌਮੇ ਮੇਰੀਏ ਹਰਿ ਦੇ ਨਿਸ਼ਾਨ ਥੱਲ੍ਹੇ ਆਜਾ ਕੌਮੇ ਮੇਰੀਏ' ਜਗਤਗੁਰੂ ਰਵਿਦਾਸ ਦੀ ਹੈ ਕਿਰਪਾ ਹੋਈ ਕੌਮ ਸੁੱਤੀ ਰਵਿਦਾਸੀਆ ਹੁਣ ਉੱਠ ਖਲੋਈ, ਯੁੱਗੋ-ਯੁੱਗ ਰਹਿਣਗੇ ਨਿਸ਼ਾਨ ਝੁਲਦੇ ਰਵਿਦਾਸੀਆ ਧਰਮ ਦੇ, ਰਚਨਾਵਾਂ ਸਰਵਣ ਕਰਾਕੇ ਸੰਗਤਾਂ ਅੰਦਰ ਨਵਾਂ ਜੋਸ਼ ਭਰਿਆ। ਇਸ ਤੋਂ ਉਪਰੰਤ ਸੰਤ ਪ੍ਰਵਚਨ ਕਰਵਾਏ ਗਏ। ਜਿਸ ਵਿਚ ਸੰਤ ਪ੍ਰੀਤਮ ਦਾਸ ਜੀ ਸੰਗਤਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਅੰਮ੍ਰਿਤਬਾਣੀ ਨਾਲ ਜੁੜਕੇ ਉਸਦੇ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਪ੍ਰੇਰਤ ਕੀਤਾ। ਉਪਰੰਤ ਸੰਤ ਸੁਖਵਿੰਦਰ ਦਾਸ ਜੀ ਢੱਡੇ ਵਾਲਿਆਂ ਨੇ ਸੰਗਤਾਂ ਨੂੰ ਆਪਣੇ ਰਹਿਬਰਾਂ ਦੀ ਸੋਚ 'ਤੇ ਪਹਿਰਾ ਦੇਣ ਲਈ ਕਿਹਾ। ਇਹਨਾਂ ਤੋਂ ਬਾਅਦ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ। ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੇ ਆਦੇਸ਼ਾਂ ਅਨੁਸਾਰ ਵਿਸ਼ੇਸ਼ ਤੌਰ 'ਤੇ ਪਹੁੰਚੇ ਸਤਿਗੁਰਾਂ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ

(ਬਾਕੀ ਸਫਾ 6 'ਤੇ)

## संत बाबा पिपल दास जी के बर्सी समागम पर विशेष सूचना

पाठकों को सूचना दी जाती है कि तिथि 28-9-2011 को डेरा सच्चखण्ड बल्लां के पहले गद्दीनशीन संत बाबा पिपलदास महाराज जी के पावन बर्सी समागम श्री 108 संत निरंजन दास महाराज जी की सरप्रसती और संत सुरिन्द्र दास बावा जी की देख-रेख में श्रदापूर्वक मनाया जा रहा है। इस पावन समागम् में अमृतवाणी सतगुरु रविदास जी महाराज के जाप करवाए जांएगे, देश के विभिन्न क्षेत्रों से पधारे संत-महापुरुषों, कीर्तनी जत्थों तथा लाखों की संख्या में श्रद्धालू संगतों द्वारा अपने रहबर सतगुरु बाबा पिपल दास जी को श्रद्धा-सुमन अर्पित किए जाएंगे। और 'हरि' के निशान साहिब चढ़ाए चाएंगे तथा बेगमपुरा शहर पत्रिका का विशेष अंक भी रिलीज किया जाएगा। गुरु के लंगर के अटूट भण्डारे वितरित होंग।

# ਪਿੰਡ ਫਰੀਦਪੁਰ ਵਿਖੇ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਦਾ ਬਰਸੀ ਸਮਾਗਮ ਅਤੇ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦਾ ਦੂਸਰਾ ਸ਼ਹੀਦੀ ਸਮਾਗਮ ਸ਼ਰਧਾ ਸਹਿਤ ਸੰਪੰਨ

ਮਿਤੀ 16-9-2011, (ਕੁਲਵੰਤ ਕਜਲਾ)—ਪਿੰਡ ਫਰੀਦਪੁਰ ਦੀਆਂ ਸਮੂਹ ਸੰਗਤਾਂ ਵਲੋਂ ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦਾ 40ਵਾਂ ਬਰਸੀ ਸਮਾਗਮ ਅਤੇ ਰਵਿਦਾਸੀਆ ਧਰਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾ ਨੰਦ ਮਹਾਰਾਜ ਜੀ ਦਾ ਦੂਸਰਾ ਸ਼ਹੀਦੀ ਸਮਾਗਮ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਸ਼ਰਧਾ ਸਹਿਤ ਮਨਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਦੇ ਜਾਪ ਕਰਵਾਏ ਗਏ, ਆਰਤੀ ਦਾ ਗਾਇਨ ਸੰਤ ਸੇਵਾ ਦਾਸ ਜੀ, ਗਿਆਨੀ ਸੰਸਾਰ ਸਿੰਘ ਜੀ ਨੇ ਕੀਤਾ। ਸਮੁੱਚੀ ਮਾਨਵਤਾ ਦੇ ਭਲੇ ਲਈ ਗੁਰੂ ਮਹਾਰਾਜ ਜੀ ਅੱਗੇ ਅਰਦਾਸ ਬੇਨਤੀ ਕੀਤੀ ਗਈ ਉਪਰੰਤ ਦੀਵਾਨ ਕੀਰਤਨ ਸਜਾਏ ਗਏ, ਜਿਸ ਵਿਚ ਸ੍ਰੀ ਜੋਗਿੰਦਰ ਦੁਖੀਆ ਜੀ ਨੇ 'ਆਓ ਬਹਿ ਕੇ ਸੁਣੀਏ ਜੀ ਗੁਰੂ ਰਵਿਦਾਸ ਦੀ ਅੰਮ੍ਰਿਤਬਾਣੀ', 'ਲਾਲ ਕਲਸਾਂ ਦਾ ਬਾਲੀ ਦੋ ਜਹਾਨ ਦਾ', 'ਜਨ ਗਣਨਾ ਵਿਚ ਹੁਣ ਰਵਿਦਾਸੀਆ ਧਰਮ ਲਿਖਾਉਣਾ।' ਸੰਗਤਾਂ ਨੂੰ ਮਹਿਮਾ ਸਰਵਣ ਕਰਵਾਈ। ਉਪਰੰਤ ਸ੍ਰੀ ਬੰਗੜ ਬੁਦਰਜ਼ ਜੀ ਨੇ ਨਵਾਂ ਇਤਿਹਾਸ ਰਚਾਇਆ, ਕੌਣ ਕਰੂੰਗਾ ਰੀਸਾਂ ਸਰਵਣ ਦਾਸ ਦੀਆਂ। ਉਪਰੰਤ (ਦਾਸ) ਕੁਲਵੰਤ ਕਜਲਾ ਨੇ ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਵਿਚ ਅਤੇ ਬ੍ਰਹਮਲੀਨ ਸ੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦੀ ਮਹਿਮਾ ਵਿਚ ਸੰਤ ਸੁਰਿੰਦਰ ਦਾਸ ਬਾਵਾ ਜੀ ਦੁਆਰਾ ਲਿਖੀ ਰਚਨਾ 'ਧੰਨ ਹੈ ਤੇਰੀ ਕਮਾਈ ਭੁੱਲੀ ਭਟਕੀ ਮਾਨਵਤਾ ਨੂੰ ਸੱਚ ਜੋਤਿ ਦਿਖਾਈ' ਮਹਿਮਾ ਸਰਵਣ ਕਰਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ ਸੰਤ ਪ੍ਰਵਚਨ ਹੋਏ ਜਿਸ ਵਿਚ ਸੰਤ ਕ੍ਰਿਸ਼ਨ ਨਾਥ ਜੀ ਚਿਹੇੜੂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਨੇ ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦੇ ਬਾਰੇ ਵਿਚ ਵੱਡਮੁੱਲਾ ਗਿਆਨ ਬਖਸ਼ਿਸ਼ ਕਰਕੇ ਸੰਗਤਾਂ ਨੂੰ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਉਪਰੰਤ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਮੋਹਣ ਦਾਸ ਜੀ ਨੂਰਪੁਰ ਵਾਲਿਆਂ ਨੇ ਅੰਮ੍ਰਿਤਬਾਣੀ ਦੀ ਮਹਿਮਾ ਵਿਚ ਰਚਨਾ ਅੰਮ੍ਰਿਤਬਾਣੀ ਦਾ ਜਾਪ ਕਰਾਕੇ ਬੇਗਮਪੁਰਾ ਵਸਾਉਣਾ ਹੈ। ਸੰਗਤਾਂ ਨੂੰ ਮਹਿਮਾ ਸਰਵਣ ਕਰਵਾਈ। ਇਸ ਤੋਂ ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਜੋੜਕੇ ਉਹਨਾਂ ਵਲੋਂ ਕੀਤੇ ਸੰਘਰਸ਼ ਅਤੇ ਉਹਨਾਂ ਦੇ ਪਰਉਪਕਾਰਾਂ ਦੇ ਬਾਰੇ ਵਿਸ਼ੇਸ਼ ਰੂਪ ਵਿਚ ਦੱਸਦਿਆਂ ਕਿਹਾ ਕਿ ਅੱਜ ਸੁੱਖਾਂ ਦੀ ਜ਼ਿੰਦਗੀ ਬਤੀਤ ਕਰ ਰਹੇ ਹਾਂ ਤਾਂ ਆਪਣੇ ਰਹਿਬਰਾਂ ਦੀ ਬਦੌਲਤ ਹਾਂ। ਉਹਨਾਂ ਕਿਹਾ ਕਿ ਸਦੀਆਂ ਤੋਂ ਬਾਅਦ ਬ੍ਰਹਮਲੀਨ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਕੇ ਪੂਰੇ ਵਿਸ਼ਵ ਵਿਚ ਜਨ ਜਨ ਤੱਕ ਪਹੁੰਚਾਇਆ ਹੈ ਉਹਨਾਂ ਕਿਹਾ ਕਿ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨੇ ਸ਼ਹਾਦਤ ਦਾ ਜਾਮ ਪੀ ਕੇ ਸਮੁੱਚੀ ਰਵਿਦਾਸੀਆ ਕੌਮ ਨੂੰ ਇਕ ਪਲੇਟ ਫਾਰਮ ਤੇ ਇਕੱਠਾ ਕਰ ਦਿੱਤਾ ਹੈ। ਅਮਰ ਸ਼ਹੀਦਾਂ ਬਾਰੇ ਬੋਲਦਿਆਂ ਕਿਹਾ ਕਿ ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ ਨੇ ਮਿਸ਼ਨ ਨੂੰ ਹੋਰ ਅੱਗੇ ਵਧਾਉਣ ਵਿਚ ਅਹਿਮ ਯੋਗਦਾਨ ਪਾਇਆ ਹੈ। ਇਹਨਾਂ ਦੀ ਕੁਰਬਾਨੀ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਉਹਨਾਂ ਕਿਹਾ ਕਿ ਅੱਜ ਸਾਡਾ ਆਪਣਾ ਰਵਿਦਾਸੀਆ ਧਰਮ ਹੈ, ਸਾਡਾ ਅੰਮ੍ਰਿਤਬਾਣੀ ਦਾ ਆਪਣਾ ਗ੍ਰੰਥ ਹੈ, ਸਾਡਾ ਕੌਮੀ ਹਰਿ ਦਾ ਨਿਸ਼ਾਨ ਹੈ। ਸਾਨੂੰ 'ਹਰਿ' ਦੇ ਨਿਸ਼ਾਨ ਥੱਲੇ ਇਕੱਠੇ ਹੋ ਕੇ ਸਾਰੇ ਫੈਸਲੇ ਲੈਣੇ ਚਾਹੀਦੇ ਹਨ ਤੇ ਆਪਣੇ ਰਹਿਬਰਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੀਦਾ ਹੈ ਇਸ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਮਾਗਮ ਵਿਚ ਸੰਗਤਾਂ ਨੇ ਜੋ ਮਾਇਆ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਸੀ, ਮਹਾਰਾਜ ਜੀ ਨੇ ਸਾਰੀ ਮਾਇਆ ਪ੍ਰਬੰਧਕਾਂ ਨੂੰ ਭੇਂਟ ਕਰ ਦਿੱਤੀ। ਪ੍ਰਬੰਧਕਾਂ ਵਲੋਂ ਸਮਾਗਮ ਨੂੰ ਸਫਲ ਬਣਾਉਣ ਵਾਲੀਆਂ ਸੰਗਤਾਂ ਦਾ ਅਤੇ ਆਏ ਸੰਤ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਸਟੇਜ ਸਕੱਤਰ ਦੀ ਸੇਵਾ ਸਤਿਕਾਰਯੋਗ ਨਿਰੰਜਣ ਚੀਮਾ ਜੀ ਨੇ ਬਾਖੂਬੀ ਨਿਭਾਈ। ਸਮਾਗਮ ਦੀ ਸਮਾਪਤੀ ਤੋਂ ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।







** ਪਿੰਡ ਫਰੀਦ ਵਿਖੇ ਸੰਤ ਸੰਮੇਲਨ ਦੌਰਾਨ ਮੰਚ ਉੱਤੇ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ, ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਡੇਰਾ ਸੱਚਖੰਡ ਬੱਲਾਂ, ਸ੍ਰੀ 108 ਸੰਤ ਕ੍ਰਿਸ਼ਨ ਨਾਥ ਜੀ ਡੇਰਾ ਚਿਹੇੜੂ, ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਡੇਰਾ ਬੋਪਾਰਾਏ ਕਲਾਂ, ਸ੍ਰੀ 108 ਸੰਤ ਲੇਖ ਰਾਜ ਜੀ ਨੂਰਪੁਰ, ਸ੍ਰੀ 108 ਸੰਤ ਮੋਹਣ ਦਾਸ ਜੀ ਨੂਰਪੁਰ ਵਾਲੇ ਅਤੇ ਹੋਰ ਮਹਾਂਪੁਰਸ਼। * ਹੇਠ ਸੰਗਤਾਂ ਦਾ ਵਿਸ਼ਾਲ ਇਕੱਠ।*



ਸਵ. ਸ੍ਰੀਮਤੀ ਸੁਰਜੀਤ ਕੌਰ ਪਤਨੀ ਸ੍ਰੀ ਬਤਨ ਸਿੰਘ ਪਿੰਡ ਬਿਗੋਵਾਲ (ਹੁਸ਼ਿਆਰਪੁਰ) ਦੀ ਅੰਤਿਮ ਅਰਦਾਸ ਮੌਕੇ ਪਰਿਵਾਰ ਵਲੋਂ ਬੀਬੀ ਦੀ ਯਾਦ ਵਿਚ ਕੌਮੀ ਪੱਤ੍ਰਿਕਾ ਬੇਗਮਪੁਰਾ ਸ਼ਹਿਰ ਨੂੰ 1100 ਰੁਪੈ ਸਹਿਯੋਗ ਵਜੋਂ ਭੇਜੇ ਹਨ। ਅਦਾਰਾ ਗੁਰੂ ਚਰਨਾਂ 'ਚ ਬੀਬੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕਰਦਾ ਹੈ।

**Ravidassia Girl 5`, 31 year, B.A. Diploma in Library & Information Sc., B-Lib., M-Lib. Job as Librarian. Prefrence Govt./Private Job or Businessman. Cont. 9876088242**

# "ਰਵਿਦਾਸੀਆ ਧਰਮ"

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਸਭਨਾਂ ਨੂੰ ਪ੍ਰਭੂ-ਪ੍ਰੇਮ, ਭਗਤੀ ਤੇ ਸੱਚ ਦਾ ਰਸਤਾ ਦਿਖਾਉਂਦੀ ਹੈ। ਇੱਜ਼ਤ, ਅਣਖ ਤੇ ਸਵੈਮਾਨ ਵਾਲਾ ਜੀਵਨ ਜਿਉਣ ਦਾ ਸਬਕ ਪੜ੍ਹਾਉਂਦੀ ਹੈ। ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਇੱਜਤ ਭਰੀ ਜ਼ਿੰਦਗੀ ਜਿਊਣ ਦਾ ਮਾਰਗ ਪ੍ਰਦਾਨ ਕਰਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੀ ਅੰਮ੍ਰਿਤਬਾਣੀ ਵਿਚ ਜਿਸ ਪਾਰਬ੍ਰਹਮ ਪਰਮੇਸ਼ਵਰ ਪ੍ਰਭੂ ਹਰਿ ਨੂੰ ਸਿਮਰਿਆ ਹੈ, ਯਾਦ ਕੀਤਾ ਹੈ, ਉਸ ਪ੍ਰਭੂ ਦੇ ਅਜਰ-ਅਮਰ ਗੁਣਾਂ ਨੂੰ ਵੀ ਧਾਰਨ ਕਰਨ ਦਾ ਸੱਚਾ ਉਪਦੇਸ਼ ਦਿੱਤਾ ਹੈ। ਪ੍ਰਮਾਤਮਾ ਜੀ ਦੇ ਗੁਣਾਂ ਦਾ ਹਿਸਾਬ ਜੀਵਾਂ ਦੇ ਕਰਨ ਦੀ ਵੱਸ ਦੀ ਗੱਲ ਨਹੀਂ। ਉਸ ਪ੍ਰਭੂ ਦਾ ਸਭ ਤੋਂ ਵੱਡਾ ਮਹਾਨ ਗੁਣ ਸਾਨੂੰ ਸਭ ਨੂੰ ਨਜ਼ਰ ਆਉਂਦਾ ਕਿ ਉਹ ਆਜ਼ਾਦ ਹਸਤੀ ਹੈ, ਉਸ ਦੀ ਬਣਾਈ ਸ੍ਰਿਸ਼ਟੀ ਵੀ ਆਜ਼ਾਦ ਹੀ ਹੈ। ਹਰਿ ਪ੍ਰਭੂ ਆਜ਼ਾਦੀ ਦਾ ਪ੍ਰਤੀਕ ਹੈ, ਜੋ ਆਪ ਕਿਸੇ ਸ਼ਕਤੀ ਦੇ ਤਹਿਤ ਗੁਲਾਮ ਨਹੀਂ ਹੈ ਅਤੇ ਆਪਣੇ ਬਣਾਏ ਜੀਵਾਂ ਨੂੰ ਵੀ ਗੁਲਾਮੀ ਭਰਿਆ ਜੀਵਨ ਜਿਊਣ ਤੋਂ ਰੋਕਦਾ ਹੈ। ਇੱਜ਼ਤ, ਮਾਣ-ਸਨਮਾਨ ਭਰਿਆ ਜੀਵਨ ਜਿਊਣ ਦਾ ਸੱਚਾ ਉਪਦੇਸ਼ ਦਿੰਦਾ ਹੈ। ਸਾਡਾ ਸਮਾਜ ਜੋ ਸ਼ੈਤਾਨੀ ਲੋਕਾਂ ਦੁਆਰਾ ਹਜ਼ਾਰਾਂ ਸਾਲ ਗੁਲਾਮੀ ਦੇ ਹਨੇਰੇ ਵਿਚ ਰੱਖਿਆ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾਉਂਦੇ ਹਨ ਕਿ ਗੁਲਾਮੀ ਭਰਿਆ ਜੀਵਨ ਜਿਉਣਾ ਪਾਪ ਹੈ।

"ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤੁ ਰਵਿਦਾਸ ਦਾਸ ਪਰਾਧੀਨ ਸੋ ਕੌਣ ਕਰੈ ਹੈ ਪ੍ਰੀਤੁ।।
ਪਰਾਧੀਨ ਕੌ ਦੀਨ ਕਯਾ ਪਰਾਧੀਨ ਬੇਦੀਨ।।
ਰਵਿਦਾਸ ਦਾਸ ਪਰਾਧੀਨ ਕੋ
ਸਭ ਹੀ ਸਮਝੇ ਹੀਨ"।।

ਪਰਾਧੀਨਤਾ ਵਾਲਾ ਜੀਵਨ ਜਿਉਣਾ ਪਾਪ ਦੇ ਸਮਾਨ ਹੈ। ਇਸ ਵਾਸਤੇ ਪਰਾਧੀਨਤਾ ਤੋਂ ਮੁਕਤ ਹੋ ਕੇ ਜੀਵ ਨੂੰ ਇੱਜ਼ਤ, ਅਣਖ ਭਰਿਆ ਜੀਵਨ ਜਿਊਣਾ ਚਾਹੀਦਾ ਹੈ। ਪਰਾਏ ਦੇ ਅਧੀਨ ਰਹਿ ਕੇ ਜ਼ੁਲਮ ਸਹਿਣ ਕਰਨਾ ਪਾਪ ਹੈ। ਇਸ ਗੱਲ ਨੂੰ ਚੰਗੀ ਤਰਾਂ ਜਾਣ ਲਓ, ਸਮਝ ਲਓ, ਗੁਲਾਮੀ ਵਾਲਾ ਜੀਵਨ ਪਾਪ ਹੈ, ਕਿਉਂਕਿ ਗੁਲਾਮ ਨੂੰ ਸਭ ਹੀ ਦੁਰਕਾਰਦੇ ਹਨ। ਉਸ ਨਾਲ ਕੋਈ ਪ੍ਰੀਤ ਨਹੀਂ ਕਰਦਾ। ਜੋ ਪਰਾਏ ਦੇ ਅਧੀਨ ਹੈ ਉਸ ਦਾ ਆਪਣਾ ਕੋਈ ਧਰਮ ਨਹੀਂ ਹੈ। ਜਿਸ ਦਾ ਕੋਈ ਧਰਮ ਨਹੀਂ ਹੁੰਦਾ ਉਸ ਨੂੰ ਸਭ ਹੀ ਹੀਣ ਸਮਝਦੇ ਹਨ। ਸਤਿਗੁਰੂ ਰਵਿਦਾਸ ਜੀ ਸਮੁੱਚੀ ਅੰਮ੍ਰਿਤਬਾਣੀ ਰਾਹੀਂ ਸਮਾਜ ਨੂੰ ਇੱਜ਼ਤ ਸਵੈਮਾਨ ਤੇ ਅਣਖ ਭਰਿਆ ਜੀਵਨ ਬਤੀਤ ਕਰਨ ਦਾ ਮਹਾਨ ਉਪਦੇਸ਼ ਬਖ਼ਸ਼ਿਸ਼ ਅਤੇ ਗੁਲਾਮੀ ਭਰਿਆ ਜੀਵਨ ਤਿਆਗ ਦੇਣ ਦਾ ਉਪਦੇਸ਼ ਦਿੰਦੇ ਹਨ। ਸਤਿਗੁਰੂ ਰਵਿਦਾਸ ਜੀ ਨੂੰ ਮੰਨਣ ਵਾਲਾ ਦਲਿਤ ਸਮਾਜ ਜੋ ਹਜ਼ਾਰਾਂ ਸਾਲਾਂ ਤੋਂ ਗੁਲਾਮੀ ਭਰਿਆ ਜੀਵਨ ਬਤੀਤ ਕਰਦਾ ਆ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ, ਸਤਿਗੁਰੂ ਸਧਨਾ ਜੀ ਅਤੇ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਨੇ ਜਾਗ੍ਰਿਤੀ ਪੈਦਾ ਕੀਤੀ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ, ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਬਾਬੂ ਮੰਗੂ ਰਾਮ ਜੀ ਦੇ ਮਿਸ਼ਨ ਪ੍ਰਚਾਰ ਦੁਆਰਾ ਲਿਆਂਦੀ ਜਾਗ੍ਰਿਤੀ ਸਦਕਾ ਅੱਜ ਇਹ ਸਮਾਜ ਆਪਣੇ ਮਾਣ-ਸਨਮਾਨ ਦੀ ਖਾਤਿਰ ਸਿਰਧੜ ਦੀ ਬਾਜ਼ੀ ਲਾਉਣ ਲਈ ਤਿਆਰ ਹੈ ਜੋ ਅੱਜ ਤੱਕ ਕਿਸੇ ਦੂਸਰੇ ਦੇ ਧਰਮਾਂ ਵਿਚ ਆਪਣੀਆਂ ਕੁਰਬਾਨੀ ਦੀਆਂ ਕਹਾਣੀਆਂ ਬਣਾਉਂਦਾ ਆ ਰਿਹਾ ਸੀ। ਅੱਜ ਉਹ ਸਮਾਜ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਆਪਣਾ ਵਜੂਦ ਦੁਨੀਆਂ ਨੂੰ ਦਿਖਾਉਣ ਲਈ ਮੈਦਾਨ ਵਿਚ ਨਿਤਰਿਆ ਹੈ। 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਂਸ਼ੀ ਬਨਾਰਸ ਤੋਂ ਸੰਤ ਨਿਰੰਜਣ ਦਾਸ ਜੀ ਤੇ ਹੋਰ ਸੰਤ ਮਹਾਂਪੁਰਸ਼ਾਂ ਦੀ ਅਗਵਾਈ ਵਿਚ ਕਰੋੜਾਂ ਦੇ ਜਨ-ਸਮੂਹ ਸੰਗਤਾਂ ਦੇ ਇਕੱਠ ਵਿਚ ਮਾਣ-ਸਨਮਾਨ ਦੀ ਰਾਹ ਤੇ ਚਲਦਿਆਂ "ਰਵਿਦਾਸੀਆ ਧਰਮ" ਦਾ ਐਲਾਨ ਕਰ ਦਿੱਤਾ। ਜਬਰ, ਜ਼ੁਲਮ ਕੱਟੜਤਾ, ਸ਼ੈਤਾਨੀ ਤਾਕਤਾਂ ਵਿਰੁੱਧ ਸਮੁੱਚੀ ਦੁਨੀਆਂ ਨੂੰ ਅਮਨ ਦਾ ਪੈਗਾਮ ਦੇਣ ਨੂੰ ਮੈਦਾਨ ਵਿਚ ਉਤਰੀ ਸੋਚ ਦਾ ਨਾਮ ਹੈ "ਰਵਿਦਾਸੀਆ ਧਰਮ"। ਸਤਿਗੁਰੂ ਰਵਿਦਾਸ ਜੀ ਦੇ ਸਮੁੱਚੇ ਵਿਸ਼ਵ ਵਿਚ ਫੈਲੇ ਪੈਰੋਕਾਰਾਂ ਨੇ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ "ਬੇਗਮਪੁਰਾ ਸਹਿਰ ਕੋ ਨਾਉ" ਪੂਰੇ ਵਿਸ਼ਵ ਵਿਚ ਫੈਲਾਉਣ ਲਈ, ਜਨ ਜਾਗ੍ਰਿਤੀ ਲਈ, ਸਤਿਗੁਰਾਂ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਰਵਿਦਾਸੀਆ ਧਰਮ ਦਾ ਝੰਡਾ ਗੱਡਿਆ ਹੈ। ਸਾਰੇ ਵਿਸ਼ਵ ਵਿਚ ਸੁਖਮਈ ਸ਼ਾਂਤੀ ਦਾ ਹੋਕਾ ਦਿੰਦਾ ਰਵਿਦਾਸੀਆ ਧਰਮ ਸਾਰੀ ਮਾਨਵਤਾ ਨੂੰ ਅਮਨ ਦਾ ਪਾਠ ਗੁਰੂ ਰਵਿਦਾਸ ਜੀ ਦੀ ਛਤਰ-ਛਾਇਆ ਵਿਚ ਰਹਿ ਕੇ ਪੜ੍ਹਾ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਨੇ ਜੀਵਨ-ਭਰ ਸੰਘਰਸ਼ ਭਰੇ ਰਾਹਾਂ ਤੋਂ ਗੁਜ਼ਰਦਿਆਂ ਸਮਾਜ ਨੂੰ ਮਾਣ-ਸਨਮਾਨ, ਇੱਜ਼ਤ, ਮਾਨਵੀ ਹੱਕ, ਹਰ ਸੁੱਖ ਸਹੂਲਤ ਮੁਹੱਈਆ ਕਰਵਾਈ, ਜੋ ਸਮਾਜ ਅੱਜ ਸੁੱਖ ਸਹੂਲਤਾਂ ਭਰਿਆ ਜੀਵਨ ਬਤੀਤ ਕਰ ਰਿਹਾ ਹੈ ਇਹ ਸਤਿਗੁਰੂ ਰਵਿਦਾਸ ਜੀ ਦੀ ਬਦੌਲਤ ਹੈ। ਅੱਜ ਇਹ ਸ਼ਬਦ ਸਮਾਜ ਨੂੰ ਸੋਚਾਂ ਵਿਚ ਬਿਠਾ ਲੈਣੇ ਚਾਹੀਦੇ ਹਨ ਕਿ ਜੇਕਰ ਸਤਿਗੁਰੂ ਰਵਿਦਾਸ ਜੀ ਦੁਨੀਆਂ ਵਿਚ ਨਾ ਆਉਂਦੇ ਤੇ ਅੰਮ੍ਰਿਤਬਾਣੀ ਨਾ ਉਚਾਰਦੇ ਤਾਂ ਇਹ ਸਮਾਜ ਲੱਭਿਆਂ ਨਹੀਂ ਲੱਭਣਾ ਸੀ। ਅੱਜ ਸਮੁੱਚੇ ਵਿਸ਼ਵ ਵਿਚ ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਕੇ ਸੇਵਾਵਾਂ ਨਿਭਾ ਰਹੇ ਹਨ। ਅੱਜ ਸਮੁੱਚੇ ਪੈਰੋਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੇ ਇਸ਼ਟ ਸਤਿਗੁਰੂ ਰਵਿਦਾਸ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਹਿੱਤ ਰਵਿਦਾਸੀਆ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਜੋ ਐਲਾਨ ਹੋਇਆ ਹੈ ਸਾਡਾ ਰਹਿਬਰ – ਸਤਿਗੁਰੂ ਰਵਿਦਾਸ ਜੀ, ਸਾਡਾ ਕੌਮੀ ਨਿਸ਼ਾਨ – 'ਹਰਿ', ਸਾਡਾ ਸੰਬੋਧਨ – ਜੈ ਗੁਰਦੇਵ, ਸਾਡਾ ਤੀਰਥ ਅਸਥਾਨ – ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ (ਯੂ.ਪੀ), ਸਾਡਾ ਉਦੇਸ਼ – ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦੇ ਨਾਲ-ਨਾਲ ਮਹਾਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਨ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਤੇ ਸਦਾਚਾਰੀ ਜੀਵਨ ਬਤੀਤ ਕਰਨਾ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰਦਿਆਂ ਡੇਰਾ

# Amrit Bani Jagatguru Ravidass Ji

## RAAGKEDARA

**Khut karam kul sanjugat(u) hai**
**Har(i) bhagat(i) hirda(i) naah(i).**
**Charnar bind na kathaa bhaavai**
**Supach tul(i) samaan(i).**
**Re chit chat(i) chait achait**
**Kaahe na baalmekeh dekh.**
**Kis(u) jaat(i) te kih padih amrio**
**Raam bhagat(i) bisekh. (Rahaao).**
**Suaan satr ajaat sab te**
**Krisn laavai het(u).**
**Log bapuraa kiaa soraahai**
**Teein lok perves.**
**Ajaamal pingulaa lobht(u) konchr(u)**
**Gaie hari kai paas.**
**Aaise durmat(i) nis tare**
**Too kiuu na tarh(i) Ravidass.**

In this hymn Guru Ji says that even if a person observes six religious rituals, belongs to a high family, but does not appreciate God's Lotus Feet, he is like a carcass eater. Our unconscious mind should be conscious and conscious. Look at Bhagwan Valmik. From such a low social status, what a high status he obtained by devotional worship. His praise extends throughout the three worlds. Guru Ji quotes examples of Ajaamal, Pingula, Lubhat (hunter), and elephant- all went to the Lord. If all disgaced were emancipated, why cannot you be exalted? Let us follow their example.

***Khut karam kul sanjugat(u) hai***
***Har(i) bhagat(i) hirda(i) naah(i).***
***Charnar bind na kathaa bhaavai***
***Supach tul(i) samaan(i).***

One may perform six kinds of deeds and belong to a high family but if he does not worship God, and without Love for discourses of the Lotus feet, he is called (spuch) the carcass (dead body) eater.

***Re chit chat(i) chait achait***
***Kaahe na baalmekeh dekh.***
***Kis(u) jaat(i) te kih padih amrio***
***Raam bhagat(i) bisekh. (Rahaao).***

O ! my ignorant and unaware mind, I remind you to bear in mind the divine name. And why don't you look at Bhagwan Valmiki ?

***Suaan satr ajaat sab te***
***Krisn laavai het(u).***
***Log bapuraa kiaa soraahai***
***Teein lok perves.***

He killed his evil senses and he was an out caste yet Lord Krishna embraced him lovingly. He was beyond the praise of people and his glory spread over the three world.

***Ajaamal pingulaa lobht(u) konchr(u)***
***Gaie hari kai paas.***
***Aaise durmat(i) nis tare***
***Too kiuu na tarh(i) Ravidass.***

Ajamal (who mated with a prostitute) pingla (the courtesan) Lubhat (the hunter) Kuncher (an elephant) all were saved by the God. If such disgraced being were emancipated, why would not you ? O ! Ravidass, you be free from transmigration.

**-Chain Ram Suman Dera Sachkhand Ballan**



# Sant Sarwan Dass Model School Hadiabad, Phagwara

Sant Sarwan Dass Ji was a spiritual leader of acknowledged acclaim besides being a great visionary and a social reformer. As a social reformer he was cast in the mould of all previous social reformers devoted to Dalit cause. Shri Guru Ravidass Ji, Mahatma Jotirao Phooley, Smt. Savitri Bai Phooley, Chhatrapati Shahuji Maharaj, Periyar E.V. Ramaswamy Naiker and Dr. B.R. Ambedkar worked tirelessly in their own way for the upliftment of the down-trodden. They laid particular stress on education among Dalits, because they believed that no progress in society was possible without education. Swami Sarwan Dass Ji was fully conscious about the necessity of education among Dalits. Therefore, he used to collect students of poor people in the Dera and gave them all facilities for acquiring higher education. Ultimately, the present Gaddi Nasheen Sant Niranjan Dass Ji in consultation with Sant Rama Nand Ji decided to have a school dedicated to the memory of Sant Sarwan Dass Ji and he laid the foundation stone of Sant Sarwan Dass Model School at Hadiabad, Phagwara on 16-4-2002.

The opening ceremony of the School was performed on 19-2-2004 by Shri 108 Sant Niranjan Dass Ji. Regular studies in the school started on 5-4-2004.

The school is up to Senior Secondary level. The stress is to impart quality education to the students who are mostly from poorer sections of society. It is an English Medium school affiliated to Central Board of Secondary Education, New Delhi up to +2 level. Besides humanities, medical and non-medical subjects are taught at the senior secondary level. The Trust is making efforts to include vocational courses also in the coming sessions.

The school is housed in a plot of 2.5 acres of land donated by Shri Brij Lal and his wife Bibi Gurdev Kaur, Phagwara (U.K.). It has got 33 spacious class rooms, 6 well euipped laboratories, 2 general purpose halls, one well equipped library, one auditorium and an office block.

The school has nine buses for carrying the students to the school.

The school has a separate 62.5 KVA diesel generator.

Tuition fee is charged from the students is very low as compared to other private schools. Poor students are given further fee concession, criterion for which is the poverty of their parents. Scholarships to very poor students are given

**-Chain Ram Suman Dera Sachkhand Ballan**

ਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ | ਜੈ ਗੁਰਦੇਵ ! ਧੰਨ ਗੁਰਦੇਵ !! | ਭਗਵਾਨ ਬਾਲਮੀਕ ਮਹਾਰਾਜ ਜੀ ਦੀ ਜੈ





# ਜਨ-ਗਣਨਾ ਵਿਚ "ਰਵਿਦਾਸੀਆ ਧਰਮ" ਲਿਖਵਾਉਣ ਦੀ ਅਪੀਲ

ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀਓ,

ਦੁਨੀਆਂ ਦੇ ਵੱਖ-ਵੱਖ ਧਰਮਾਂ ਦੇ ਲੋਕ ਆਪੋ-ਆਪਣੇ ਧਰਮ ਦੇ ਪ੍ਰਚਾਰ ਵਾਸਤੇ ਹਮੇਸ਼ਾਂ ਤਤਪਰ ਰਹਿੰਦੇ ਹਨ ਅਤੇ ਆਪਣੇ-ਆਪਣੇ ਧਰਮ ਦਾ ਪ੍ਰਚਾਰ ਕਰਦੇ ਹਨ ਪਰ ਸਮਾਜਿਕ ਵਿਵਸਥਾ ਹੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਜਗਤ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਸਮਾਜ ਨੇ ਹਮੇਸ਼ਾਂ ਹੀ ਧਰਮ ਦੇ ਕੰਮ ਨੂੰ ਅੱਗੇ ਹੋ ਕੇ ਕੀਤਾ, ਪਰ ਇਸ ਸਮਾਜ ਨੂੰ ਅਧਰਮੀ (ਜਿਨ੍ਹਾਂ ਦਾ ਕੋਈ ਧਰਮ ਨਹੀਂ ਹੁੰਦਾ) ਹੀ ਮੰਨਿਆ ਗਿਆ ਅਤੇ ਇਹਨਾਂ ਦੇ ਦੁੱਖਾਂ ਨੂੰ ਕਿਸੇ ਨੇ ਵੀ ਨਹੀਂ ਸਮਝਿਆ। ਇਸ ਸਮਾਜ ਦੀ ਅਨਪੜ੍ਹਤਾ, ਅਗਿਆਨਤਾ ਅਤੇ ਦੁੱਖਾਂ ਨੂੰ ਖ਼ਤਮ ਕਰਨ ਵਾਸਤੇ ਅਤੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਧੁਰਾ ਮੰਨੇ ਜਾਂਦੇ ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ ਬੱਲਾਂ ਦੇ ਮਹਾਂਪੁਰਸ਼ਾਂ ਨੇ ਸਮੇਂ-ਸਮੇਂ 'ਤੇ ਸਮਾਜ ਨੂੰ ਜਾਗਰੂਕ ਕਰਨ ਲਈ ਆਪਣਾ ਅਹਿਮ ਯੋਗਦਾਨ ਪਾਇਆ ਅਤੇ ਗੁਰੂ ਜੀ ਦੇ ਜਨਮ ਅਸਥਾਨ ਉਤੇ ਸੱਤ ਮੰਜ਼ਿਲਾ ਮੰਦਿਰ ਉਸਾਰ ਕੇ ਸਮਾਜ ਦਾ ਨਾਂਅ ਮਾਣ ਉਚਾ ਕੀਤਾ ਅਤੇ ਅਨੇਕਾਂ ਅਸਥਾਨਾਂ 'ਤੇ ਗੁਰੂ ਜੀ ਦੇ ਨਾਮ 'ਤੇ ਮੰਦਰ ਉਸਾਰ ਕੇ ਸਮਾਜ ਨੂੰ ਜਾਗਰੂਕ ਕੀਤਾ। ਗੁਰੂ ਜੀ ਦੇ ਜਨਮ ਅਸਥਾਨ ਮੰਦਰ ਨੂੰ ਸੋਨੇ ਵਿਚ ਮੜ੍ਹਨ ਦਾ ਸੰਕਲਪ ਲਿਆ। ਇਸ ਸੰਕਲਪ ਤੋਂ ਰਵਿਦਾਸੀਆ ਸਮਾਜ ਵਿਰੋਧੀ ਲੋਕ ਜੋ ਇਹ ਨਹੀਂ ਚਾਹੁੰਦੇ ਕਿ ਇਸ ਸਮਾਜ ਨੂੰ ਇਹਨਾਂ ਮਹਾਂਪੁਰਖਾਂ ਦਾ ਅਸਲੀ ਇਤਿਹਾਸ ਪਤਾ ਲੱਗੇ, ਉਹਨਾਂ ਲੋਕਾਂ ਤੋਂ ਇਹ ਬਰਦਾਸ਼ਤ ਨਹੀਂ ਹੋਇਆ ਕਿ ਅਧਰਮੀ ਅਖਵਾਉਣ ਵਾਲੇ ਇਹ ਲੋਕ ਆਪਣੇ ਪੁਰਖਿਆਂ ਦਾ ਧਰਮ ਅੱਗੇ ਲੈ ਕੇ ਜਾਣ। ਉਹਨਾਂ ਲੋਕਾਂ ਨੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਚਾਰ-ਪ੍ਰਸਾਰ ਰੋਕਣ ਵਾਸਤੇ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਉਪਰ ਹਮਲਾ ਕਰਕੇ ਸੰਤ ਨਿਰੰਜਣ ਦਾਸ ਜੀ ਨੂੰ ਜ਼ਖਮੀ ਕੀਤਾ ਅਤੇ ਸੰਤ ਰਾਮਾ ਨੰਦ ਜੀ ਨੂੰ ਸ਼ਹੀਦ ਕੀਤਾ। ਆਪ ਸਭ ਸੰਗਤਾਂ ਨੂੰ ਪਤਾ ਹੀ ਹੈ ਕਿ ਇਹਨਾਂ ਮਹਾਂਪੁਰਸ਼ਾਂ ਉਤੇ ਹੋਏ ਹਮਲੇ ਨੇ ਸਿੱਧ ਕਰ ਦਿੱਤਾ ਕਿ ਕੋਈ ਵੀ ਸਮਾਜ ਦੂਜਿਆਂ ਦੀ ਖਾਤਿਰ ਜਿੰਨਾ ਮਰਜ਼ੀ ਖ਼ੂਨ ਬਹਾ ਲਵੇ ਪਰ ਆਪਣੇ ਧਰਮ ਤੋਂ ਬਿਨਾਂ ਹੀਣਾ ਹੀ ਹੁੰਦਾ ਹੈ ਪਰ ਬਲਿਹਾਰੇ ਜਾਂਦੇ ਹਾਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਸੱਚੇ ਸਪੂਤਾਂ ਤੋਂ ਜਿਨ੍ਹਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 633ਵੇਂ ਪ੍ਰਕਾਸ਼ ਦਿਹਾੜੇ 'ਤੇ ਭਾਰਤ ਦੇ ਕੋਨੇ-ਕੋਨੇ ਤੋਂ ਪੁੱਜੇ ਸੰਤ ਸਮਾਜ ਅਤੇ ਵਿਸ਼ਵ ਦੇ ਕੋਨੇ-ਕੋਨੇ ਵਿਚੋਂ ਪੁੱਜੇ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਦੀ ਹਾਜ਼ਰੀ ਵਿਚ, ਕੌਮ ਦੇ ਮੱਥੇ ਤੋਂ ਅਧਰਮੀ ਹੋਣ ਦੇ ਕਲੰਕ ਨੂੰ ਉਤਾਰ ਕੇ ਇਕ "ਰਵਿਦਾਸੀਆ ਧਰਮ" ਦਾ ਨਾਂ ਸਮਾਜ ਨੂੰ ਬਖਸ਼ਿਆ। ਇਸ ਧਰਮ ਰੂਪੀ ਤਾਜ ਨੂੰ ਹਮੇਸ਼ਾਂ-ਹਮੇਸ਼ਾਂ ਲਈ ਕੌਮ ਦੇ ਸਿਰ 'ਤੇ ਸਜਾ ਕੇ ਰੱਖਣ ਲਈ ਗੁਰੂ ਜੀ ਨੂੰ ਮੰਨਣ ਵਾਲੇ ਸਮਾਜ ਦਾ ਫ਼ਰਜ਼ ਬਣਦਾ ਹੈ ਕਿ ਉਹ ਵੀ ਆਪਣੇ ਪੁਰਖਿਆਂ ਦੇ ਨਾਮ ਨੂੰ ਉਚਾ ਰੱਖਣ ਲਈ ਆਪਣਾ ਯੋਗਦਾਨ 'ਰਵਿਦਾਸੀਆ ਧਰਮ' ਨੂੰ ਪ੍ਰਫੁੱਲਤ ਕਰਨ ਲਈ ਜ਼ਰੂਰ ਪਾਵੇ ਅਤੇ ਸੰਨ 2011 ਵਿਚ ਹੋ ਰਹੀ ਜਨ-ਗਣਨਾ (ਮਰਦਮ-ਸ਼ੁਮਾਰੀ) ਵਿਚ ਆਪਣਾ 'ਧਰਮ ਰਵਿਦਾਸੀਆ' ਲਿਖਾ ਕੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਵਚਨ ਕਿ "ਪ੍ਰਾਧੀਨਤਾ ਪਾਪ ਹੈ ਜਾਨੁ ਲਿਓ ਰੇ ਮੀਤੁ......" ਉਤੇ ਅਮਲ ਕਰਕੇ ਧਾਰਮਿਕ ਆਜ਼ਾਦੀ ਦੀ ਗੱਲ ਨੂੰ ਸਵੀਕਾਰ ਕਰੋ ਤਾਂ ਕਿ ਰਵਿਦਾਸੀਆ ਧਰਮ ਵਿਰੋਧੀ ਸਾਡੀ ਗਿਣਤੀ ਆਪਣੇ ਵਿਚ ਕਰਵਾ ਕੇ ਕਿਸੇ ਵੀ ਪ੍ਰਕਾਰ ਦਾ ਫਾਇਦਾ ਨਾ ਲਵੇ ਅਤੇ ਦੁਨੀਆਂ ਨੂੰ ਸਾਡੀ ਸੰਖਿਆ ਅਤੇ ਤਾਕਤ ਦਾ ਪਤਾ ਚੱਲੇ। ਰਵਿਦਾਸੀਆ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਪੂਰੇ ਵਿਸ਼ਵ ਵਿਚ ਵੱਡੇ ਪੱਧਰ ਉਤੇ ਹੋ ਰਿਹਾ ਹੈ ਅਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਹਜ਼ਾਰਾਂ ਦੀ ਸੰਖਿਆ ਵਿਚ ਗੁਰੂ ਘਰਾਂ ਵਿਚ ਪ੍ਰਕਾਸ਼ ਹੋ ਚੁੱਕਾ ਹੈ।

*ਰਵਿਦਾਸੀਓ ਕਿਤੇ ਭੁੱਲ ਨਾ ਜਾਣਾ, ਜਨ-ਗਣਨਾ ਵਿਚ ਰਵਿਦਾਸੀਆ ਧਰਮ ਹੀ ਲਿਖਵਾਉਣਾ, ਫਿਰ ਇਹ ਮੌਕਾ 12 ਸਾਲਾਂ ਬਾਅਦ ਹੀ ਆਉਣਾ*

**ਜਾਰੀ ਕਰਤਾ-**

● ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਸੀ ਯੂ.ਪੀ.।

● ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ (ਰਜਿ.) ਭਾਰਤ।

● ਸਤਿਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਹਰਿਆਣਾ), ● ਹਿਮਾਚਲ ਪ੍ਰਦੇਸ਼ ਸ਼੍ਰੀ ਗੁਰੂ ਰਵਿਦਾਸ ਮਹਾਸਭਾ। ● ਅਖਿਲ ਭਾਰਤੀਆ ਸਤਿਗੁਰੂ ਰਵਿਦਾਸ ਮਹਾਸਭਾ, ਮਹਾਂਰਾਸ਼ਟਰ। ● ਦਲਿਤ ਯੂਥ ਫੈਡਰੇਸ਼ਨ ਆਫ ਇੰਡੀਆ ● ਸ਼੍ਰੀ ਗੁਰੂ ਰਵਿਦਾਸ ਸਾਹਿਤ ਸੰਸਥਾ ਪੰਜਾਬ (ਰਜਿ.), ● ਸ਼੍ਰੀ ਗੁਰੂ ਰਵਿਦਾਸ ਫੋਰਸ ਪੰਜਾਬ, ● ਸ਼੍ਰੀ ਗੁਰੂ ਰਵਿਦਾਸ ਧਰਮ ਯੁੱਧ ਮੋਰਚਾ ਪੰਜਾਬ, ● ਸ਼੍ਰੀ ਗੁਰੂ ਰਵਿਦਾਸ ਚੈਰੀਟੇਬਲ ਟਰੱਸਟ (ਨਵਾਂਸ਼ਹਿਰ), ● ਸ਼੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਹਿਊਮੈਨ ਰਾਈਟਸ (ਰਜਿ.) ਯੂ.ਕੇ., ● ਸ਼੍ਰੀ ਗੁਰੂ ਰਵਿਦਾਸ ਸੁਪਰੀਮ ਕੌਂਸਲ (ਇਟਲੀ), ● ਸ਼੍ਰੀ ਗੁਰੂ ਰਵਿਦਾਸ ਸੁਪਰੀਮ ਕੌਂਸਲ (ਯੂ.ਕੇ.), ● ਸ਼੍ਰੀ ਗੁਰੂ ਰਵਿਦਾਸ ਜੀ ਸਭਾ (ਰਜਿ.) ਗਰੀਸ, ● ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਇਟਲੀ, ● ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਕੈਨੇਡਾ, ● ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ (ਯੂ.ਕੇ.), ● ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਅਮਰੀਕਾ, ● ਸੰਤ ਸਰਵਣ ਦਾਸ ਵੈਲਫੇਅਰ ਸੋਸਾਇਟੀ ਯੂਰਪ, ● ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਕੁਵੈਤ, ● ਸ਼੍ਰੀ ਗੁਰੂ ਰਵਿਦਾਸ ਸਭਾ ਯੂ.ਏ.ਈ., ● ਸ਼੍ਰੀ ਗੁਰੂ ਰਵਿਦਾਸ ਸਭਾ ਵਿਆਨਾ (ਆਸਟਰੀਆ), ● ਸ਼੍ਰੀ ਗੁਰੂ ਰਵਿਦਾਸ ਭਵਨ ਸੋਸਾਇਟੀ ਸਪੇਨ, ● ਸ਼੍ਰੀ ਗੁਰੂ ਰਵਿਦਾਸ ਸਭਾ ਪੁਰਤਗਾਲ, ● ਸ਼੍ਰੀ ਗੁਰੂ ਰਵਿਦਾਸ ਸਭਾ ਹਾਲੈਂਡ, ● ਸ਼੍ਰੀ ਗੁਰੂ ਰਵਿਦਾਸ ਸਭਾ ਓਨਟਾਰੀਓ ਟਰਾਂਟੋ, ● ਸ਼੍ਰੀ ਗੁਰੂ ਰਵਿਦਾਸ ਸਭਾ ਜਰਮਨੀ, ● ਕੌਮੀ ਅਖਬਾਰ ਬੇਗਮਪੁਰਾ ਸ਼ਹਿਰ, ਜਲੰਧਰ, ● ਅਦਾਰਾ ਨਿਊ ਬਹੁਜਨ ਕ੍ਰਾਂਤੀ ਮਹੀਨਾਵਾਰ ਪੰਜਾਬੀ, ● ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਪੰਜਾਬ, ● ਰਵਿਦਾਸੀਆ ਕਮਿਊਨਟੀ ਵੈਲਫੇਅਰ ਐਸੋਸੀਏਸ਼ਨ ਪੈਰਿਸ ਫਰਾਂਸ, ● ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ ਸ਼ਾਖਾ ਸਾਗਰ (ਮੱਧ ਪ੍ਰਦੇਸ਼), ● ਗੁਰੂ ਸੰਤ ਸ਼ਿਰੋਮਣੀ ਸ੍ਰੀ ਗੁਰੂ ਰਵਿਦਾਸ ਸੰਮਤੀ ਛਿੰਦਵਾੜਾ (ਮੱਧ ਪ੍ਰਦੇਸ਼), ● ਸੰਤ ਰਵਿਦਾਸ ਸਮਾਜ ਉਤਥਾਨ ਸੰਮਤੀ ਸਿਵਨੀ (ਮੱਧ ਪ੍ਰਦੇਸ਼), ● ਗੁਰੂ ਰਵਿਦਾਸ ਸਮਾਜ ਸੰਗਠਨ ਰੀਵਾ (ਮੱਧ ਪ੍ਰਦੇਸ਼), ● ਅਹਿਰਵਾਰ ਸਮਾਜ ਮਹਾਂ ਪ੍ਰੀਸ਼ਦ ਜਬਲਪੁਰ (ਮੱਧ ਪ੍ਰਦੇਸ਼), ● ਸੰਤ ਰਵਿਦਾਸ ਸਮਾਜ ਕਲਿਆਣ ਪ੍ਰੀਸ਼ਦ ਬਾਲਾ ਘਾਟ (ਮੱਧ ਪ੍ਰਦੇਸ਼), ● ਅਹਿਰਵਾਰ ਸੰਸਕ੍ਰਿਤਕ ਕਲਿਆਣ ਸੰਮਤੀ ਇੰਦੌਰ (ਮੱਧ ਪ੍ਰਦੇਸ਼), ● ਜਾਂਗੜਾ ਮਹਾਂ ਸਭਾ ਹੋਸ਼ੰਗਾਬਾਗ (ਮੱਧ ਪ੍ਰਦੇਸ਼), ● ਜਾਗੜਾ ਸੁਧਾਰ ਸੰਮਤੀ ਮਿਸ ਰੋਡ ਭੂਪਾਲ (ਮੱਧ ਪ੍ਰਦੇਸ਼), ● ਅਹਿਰਵਾਰ ਸਮਾਜ ਪ੍ਰੀਸ਼ਦ, ਹਰਦਾ (ਮੱਧ ਪ੍ਰਦੇਸ਼), ● ਅਹਿਰਵਾਰ ਸਮਾਜ ਸੇਵਾ ਸੰਮਤੀ ਇਟਾਰਸੀ (ਮੱਧ ਪ੍ਰਦੇਸ਼), ● ਜਾਂਗੜਾ ਮਹਾਂ ਸਭਾ ਸ਼ਾਹਪੁਰ ਬੈਤੂਲ (ਮੱਧ ਪ੍ਰਦੇਸ਼), ● ਰਵਿਦਾਸ ਗੁਜਰਾਤੀ ਏਕਤਾ ਸੰਮਤੀ ਦੇਵਾਸ (ਮੱਧ ਪ੍ਰਦੇਸ਼), ● ਰਵਿਦਾਸ ਸੇਵਾ ਸੰਸਥਾਨ ਬੜਖੇੜਾ ਬੀ.ਐਚ.ਐਨ. ਭੋਪਾਲ ਜ਼ਿਲ੍ਹਾ ਰਵਿਦਾਸ ਸੁਧਾਰ ਕਮੇਟੀ ਛਤਰਪੁਰ (ਮੱਧ ਪ੍ਰਦੇਸ਼), ● ਗੁਰੂ ਰਵਿਦਾਸ ਮੰਦਰ ਕਮੇਟੀ ਬਾਂਦਕਪੁਰ ਜ਼ਿਲ੍ਹਾ ਦਮੋਹਾ (ਮੱਧ ਪ੍ਰਦੇਸ਼), ● ਗੁਰੂ ਰਵਿਦਾਸ ਮੰਦਰ ਕਮੇਟੀ ਹਿੰਡੋਰੀਆ ਜ਼ਿਲ੍ਹਾ ਦਮੋਹ (ਮੱਧ ਪ੍ਰਦੇਸ਼), ● ਗੁਰੂ ਰਵਿਦਾਸ ਮੰਦਰ ਸੰਮਤੀ ਨਰਸਿੰਘਪੁਰ (ਮੱਧ ਪ੍ਰਦੇਸ਼), ● ਗੁਰੂ ਰਵਿਦਾਸ ਮੰਦਿਰ ਸੰਮਤੀ ਖੁਰੱਈ ਜ਼ਿਲ੍ਹਾ ਸਾਗਰ (ਮੱਧ ਪ੍ਰਦੇਸ਼), ● ਅਹਿਰਵਾਰ ਸਮਾਜ ਮਹਾਂ ਪ੍ਰੀਸ਼ਦ ਜ਼ਿਲ੍ਹਾ ਸਾਖਾ ਡਿੰਡੋਰੀ (ਮੱਧ ਪ੍ਰਦੇਸ਼)।

## ਪਿੰਡ ਪਲਾਹੀ (ਫਗਵਾੜਾ) ਵਿਖੇ ਰਵਿਦਾਸੀਆ ਧਰਮ ਨੂੰ ਸਮਰਪਿਤ ਮਹਾਨ ਸੰਤ ਸੰਮੇਲਨ ਸ਼ਰਧਾ ਸਹਿਤ ਸੰਪੰਨ

(ਸਫਾ 1 ਦੀ ਬਾਕੀ)

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਪਰਉਪਕਾਰਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਅੱਜ ਅਸੀਂ ਸੁੱਖਾਂ ਭਰੀ ਜ਼ਿੰਦਗੀ ਅਗਰ ਬਤੀਤ ਕਰ ਰਹੇ ਹਾਂ ਤਾਂ ਇਹ ਆਪਣੇ ਰਹਿਬਰਾਂ ਦੇ ਵਲੋਂ ਕੀਤੇ ਹੋਏ ਸੰਘਰਸ਼ ਦੀ ਬਦੌਲਤ ਹੈ, ਜਿਸ ਦਾ ਅਸੀਂ ਕਦੇ ਵੀ ਕਰਜ਼ਾ ਨਹੀਂ ਉਤਾਰ ਸਕਦੇ। ਉਹਨਾਂ ਨੇ ਸ੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਦੇ ਬਾਰੇ ਬੋਲਦਿਆਂ ਕਿਹਾ ਕਿ ਸਦੀਆਂ ਤੋਂ ਬਾਅਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮੁੜ ਸੁਰਜੀਤ ਕਰਕੇ ਪੂਰੇ ਵਿਸ਼ਵ ਵਿਚ ਜਨ-ਜਨ ਤੱਕ ਪਹੁੰਚਾਇਆ ਹੈ। ਉਹਨਾਂ ਦੀ ਇਸ ਕਠਨ ਘਾਲਣਾ ਨੂੰ ਕਦੇ ਵੀ ਨਹੀਂ ਭੁੱਲਾਇਆ ਜਾ ਸਕਦਾ। ਉਹਨਾਂ ਕਿਹਾ ਕਿ ਰਵਿਦਾਸੀਆ ਧਰਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਨੇ ਸ਼ਹਾਦਤ ਦਾ ਜਾਮ ਪੀ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮੰਜ਼ਿਲ-ਏ-ਮਕਸੂਦ ਤੱਕ ਪਹੁੰਚਾ ਦਿੱਤਾ ਹੈ। ਉਹਨਾਂ ਦੀ ਕੁਰਬਾਨੀ ਨੇ ਸਮੁੱਚੀ ਰਵਿਦਾਸੀਆ ਕੌਮ ਅੰਦਰ ਅਣਖ ਦਾ ਬੀਜ ਬੋਇਆ ਹੈ ਤੇ ਕੌਮ ਨੂੰ ਇਕ ਪਲੇਟ ਫਾਰਮ ’ਤੇ ਇਕੱਠਾ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਉਹ ਮਹਾਨ ਯੋਧੇ ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ ਹਨ ਜਿਹਨਾਂ ਨੇ ਮਿਸ਼ਨ ਲਈ ਆਪਣੀਆਂ ਜਾਨਾਂ ਵਾਰ ਕੇ ਨਵਾਂ ਇਤਿਹਾਸ ਰਚ ਦਿੱਤਾ ਹੈ। ਇਹਨਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਨਹੀਂ ਭੁਲਾਇਆ ਜਾਵੇਗਾ, ਇਹਨਾਂ ਦਾ ਨਾਮ ਹਮੇਸ਼ਾ ਹੀ ਅਮਰ ਰਹੇਗਾ। ਉਹਨਾਂ ਕਿਹਾ ਕਿ ਸਾਨੂੰ ਰਵਿਦਾਸੀਆ ਧਰਮ ਦੇ ਅਤੇ ਅੰਮ੍ਰਿਤਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਹੋਰ ਅੱਗੇ ਵਧਾਕੇ ਆਪਣੇ ਰਹਿਬਰਾਂ ਦੇ ਸੁਪਨਿਆਂ ਨੂੰ ਸਕਾਰ ਕਰਨਾ ਹੈ। ਸਾਨੂੰ ਆਪਣੇ ਸਾਰੇ ਹੀ ਕਾਰਜ ਅੰਮ੍ਰਿਤਬਾਣੀ ਨੂੰ ਮੁੱਖ ਰੱਖਕੇ ਕਰਨੇ ਚਾਹੀਦੇ ਹਨ ਅਤੇ ਸਾਰੇ ਹੀ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਉਂਕਿ ਸਾਰੇ ਹੀ ਧਰਮ ਸੱਚ ਦਾ ਮਾਰਗ ਦੱਸਦੇ ਹਨ। ਇਸ ਸਮਾਗਮ ਵਿਚ ਸੰਤ ਕ੍ਰਿਸ਼ਨ ਨਾਥ ਮਹਾਰਾਜ ਚਿਹੇੜੂ ਵਾਲੇ, ਸੰਤ ਰਣਜੀਤ ਦਾਸ ਜੀ, ਸੰਤ ਰਾਣਾ ਦਾਸ ਜੀ, ਸੰਤ ਅਵਤਾਰ ਦਾਸ ਜੀ ਨੇ ਵੀ ਆਪਣੀ ਹਾਜ਼ਰੀ ਭਰੀ। ਪ੍ਰਬੰਧਕਾਂ ਵਲੋਂ ਆਏ ਸੰਤ-ਮਹਾਂਪੁਰਸ਼ਾਂ ਦਾ ਅਤੇ ਸਮਾਗਮ ਵਿਚ ਵੱਡਮੁੱਲੀਆਂ ਸੇਵਾਵਾਂ ਨਿਭਾਉਣ ਵਾਲੀਆਂ ਸੰਗਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ’ਤੇ ਮਹਾਰਾਜ ਜੀ ਨੂੰ ਜੋ ਮਾਇਆ ਸੰਗਤਾਂ ਨੇ ਨਮਸਕਾਰ ਕੀਤੀ ਸੀ, ਮਹਾਰਾਜ ਜੀ ਨੇ ਪ੍ਰਬੰਧਕਾਂ ਨੂੰ ਭੇਟ ਕਰ ਦਿੱਤੀ। ਇਸ ਸਮਾਗਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਟੇਜ ਸਕੱਤਰ ਦੀ ਸੇਵਾ







ਮਾਸਟਰ ਸੋਮ ਰਾਜ ਜੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ ਤੇ ਆਏ ਸੰਤ-ਮਹਾਂਪੁਰਸ਼ਾਂ ਦਾ ਅਤੇ ਆਈਆਂ ਸਮੂਹ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।

## ਸੰਤ ਬੀਬੀ ਮੁਲਾਵੀ ਦੇਵੀ ਜੀ ਦਾ 11ਵਾਂ ਬਰਸੀ ਸਮਾਗਮ ਬੂਟਾਂ ਮੰਡੀ, ਜਲੰਧਰ ਵਿਖੇ ਸ਼ਰਧਾ ਸਹਿਤ ਮਨਾਇਆ ਗਿਆ

ਮਿਤੀ 11-9-2011, (ਕੁਲਵੰਤ ਕਜਲਾ)—ਦਿਨ ਐਤਵਾਰ ਨੂੰ ਸਮੂਹ ਸੰਗਤਾਂ ਬੂਟਾਂ ਮੰਡੀ, ਜਲੰਧਰ ਵਲੋਂ ਸ੍ਰੀ 108 ਸੰਤ ਬੀਬੀ ਮਲਾਵੀ ਦੇਵੀ ਜੀ ਦਾ 11ਵਾਂ ਬਰਸੀ ਸਮਾਗਮ ਸ਼ਰਧਾ ਸਹਿਤ ਮਨਾਇਆ ਗਿਆ। ਜਿਸ ਦੇ ਸਬੰਧ ਵਿਚ ਅੰਮ੍ਰਿਤਬਾਣੀ ਦੇ ਜਾਪ ਕਰਵਾਏ ਗਏ। ਆਰਤੀ ਦਾ ਗਾਇਨ ਕੀਤਾ ਗਿਆ। ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ। ਜਿਸ ਵਿਚ ਗਿਆਨੀ ਮੁਖਤਿਆਰ ਸਿੰਘ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ ‘ਐਸੀ ਲਾਲ ਤੁਝ ਬਿਨ ਕਉਨ ਕਰੈ’ ਸਰਵਣ ਕਰਵਾਇਆ। ਭਾਈ ਹਰਪਾਲ ਸਿੰਘ ਵਿਰਦੀ ਜੀ ਨੇ ‘ਪ੍ਰਾਨੀ ਕਿਆ ਮੇਰਾ ਕਿਆ ਤੇਰਾ’ ਸ਼ਬਦ ਸਰਵਣ ਕਰਵਾਇਆ। ਉਪਰੰਤ (ਦਾਸ) ਕੁਲਵੰਤ ਕਜਲਾ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ ‘ਸਤਿਸੰਗਤ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ’ ‘ਰਹਿਮਤ ਸੰਤਾਂ ਦੀ ਕਰਦੀ ਬੇੜੇ ਪਾਰ’, ‘ਜਾਗਣ ਦਾ ਵੇਲਾ ਹੁਣ ਸਾਡਾ ਕੌਮੇ ਮੇਰੀਏ’, ‘ਹਰਿ ਦੇ ਨਿਸ਼ਾਨ ਥੱਲੇ ਆਜਾ ਕੌਮੇ ਮੇਰੀਏ’ ਰਚਨਾਵਾਂ ਸਰਵਣ ਕਰਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸ੍ਰੀ ਬਲਵਿੰਦਰ ਬਿੱਟੂ ਜੀ ਨੇ ‘ਏਕੇ ਦਾ ਵਿਗਲ ਬਜਾਈ ਰੱਖਣਾ’, ‘ਗੁਰੂ ਰਵਿਦਾਸ ਜੀ ਸਾਨੂੰ ਤੇਰਾ ਆਸਰਾ’, ‘ਅਣਖ ਕੌਮ ਵਿਚ ਭਰਤੀ ਰਾਮਾ ਨੰਦ ਸੁਆਮੀ ਨੇ’ ਰਚਨਾਵਾਂ ਸਰਵਣ ਕਰਵਾਈਆਂ। ਗਿਆਨੀ ਮਿਹਰ ਸਿੰਘ ਜੀ ਨੇ ਅੰਮ੍ਰਿਤਬਾਣੀ ਦਾ ਸ਼ਬਦ ਸੰਗਤਾਂ ਨੂੰ ਸਰਵਣ ਕਰਵਾਇਆ। ਇਸ ਤੋਂ ਬਾਅਦ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਆਦੇਸ਼ਾਂ ਅਨੁਸਾਰ ਪਹੁੰਚੇ ਸੰਤ ਲੇਖ ਰਾਜ ਜੀ ਨੂਰਪੁਰ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜਕੇ ਉਹਨਾਂ ਦੇ ਪਰਉਪਕਾਰਾਂ ਤੋਂ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਸੰਤ ਬੀਬੀ ਮਲਾਵੀ ਦੇਵੀ ਜੀ ਨੇ ਸਤਿਗੁਰ ਰਵਿਦਾਸ ਮਹਾਰਾਜ ਜੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਹੋਏ ਆਪਣਾ ਪੂਰਾ ਜੀਵਨ ਕੌਮ ਦੇ ਲੇਖੇ ਲਗਾਇਆ। ਉਹਨਾਂ ਨੇ ਕਿਹਾ ਸੰਤ ਸਰਵਣ ਦਾਸ ਮਹਾਰਾਜ ਜੀ ਨੇ ਸਤਿਗੁਰਾਂ ਦੇ ਮਿਸ਼ਨ ਨੂੰ ਪੂਰੇ ਵਿਸ਼ਵ ਵਿਚ ਜਨ-ਜਨ ਤੱਕ ਪਹੁੰਚਾਇਆ ਤੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਨੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਮੰਜ਼ਲ ਤੱਕ ਪਹੁੰਚਾਉਂਦੇ ਹੋਏ ਸ਼ਹਾਦਤ ਦਾ ਜਾਮ ਪੀ ਕੇ ਕੌਮ ਨੂੰ ਇਕ ਪਲੇਟ ਫਾਰਮ ’ਤੇ ਇਕੱਠਾ ਕਰ ਦਿੱਤਾ। ਸਾਨੂੰ ਅੰਮ੍ਰਿਤਬਾਣੀ ਦੇ ਨਾਲ ਸਾਰੇ ਕਾਰਜ ਕਰਨੇ ਚਾਹੀਦੇ ਹਨ ਅਤੇ ਰਵਿਦਾਸੀਆ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਚਾਹੀਦਾ ਹੈ। ਇਸ ਸਮਾਗਮ ਵਿਚ ਸੰਤ ਰਜਿੰਦਰ ਪ੍ਰਸ਼ਾਦ ਜੀ, ਸੰਤ ਕਪੂਰ ਦਾਸ ਜੀ, ਸੰਤ ਪਿਆਰਾ ਦਾਸ ਜੀ ਨੇ ਵੀ ਹਾਜ਼ਰੀ ਭਰੀ। ਸੰਗਤਾਂ ਨੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸੰਤ ਕ੍ਰਿਸ਼ਨ ਨਾਥ ਜੀ ਨੇ ਸੰਗਤਾਂ ਨੂੰ ਪ੍ਰਵਚਨਾਂ ਨਾਲ ਨਿਹਾਲ ਕੀਤਾ। ਸਮਾਗਮ ਵਿਚ ਪਹੁੰਚੇ ਸੰਤ-ਮਹਾਂਪੁਰਸ਼ਾਂ ਦਾ ਅਤੇ ਸਮਾਗਮ ਨੂੰ ਸਫਲ ਬਣਾਉਣ ਵਾਲੀਆਂ ਸੰਗਤਾਂ ਦਾ ਪ੍ਰਬੰਧਕਾਂ ਵਲੋਂ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਸ੍ਰੀ ਸ਼ਾਦੀ ਰਾਮ ਕਲੇਰ ਜੀ ਨੇ ਨਿਭਾਈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਡੇਰਾ ਸੱਚਖੰਡ ਬੱਲਾਂ ਦਾ e-mail ਐਡਰੈੱਸ
**sachkhandballan@yahoo.co.in**

ਸੂਚਨਾ-‘ਬੇਗਮਪੁਰਾ ਸ਼ਹਿਰ ਪੱਤ੍ਰਿਕਾ’ ਦੀ ਆਨ ਲਾਈਨ ਸੇਵਾ (Internet Service) ਦੇਖੋ **www.begumpurashaher.net.**

**ਸੂਚਨਾ-‘ਬੇਗਮਪੁਰਾ ਸ਼ਹਿਰ ਪੱਤ੍ਰਿਕਾ’ ਦਾ E-mail ਐਡਰੈੱਸ**
begumpurashaher@yahoo.com

ਸੂਚਨਾ-ਲੇਖਕਾਂ ਦੀਆਂ ਰਚਨਾਵਾਂ ਨਾਲ ਮੁੱਖ ਸੰਪਾਦਕ ਤੇ ਸੰਪਾਦਕੀ ਮੰਡਲ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਮੁਹੱਲਾ ਸੰਤੋਖਪੁਰਾ (ਫਗਵਾੜਾ) ਵਿਖੇ ਰਵਿਦਾਸੀਆ ਧਰਮ ਨੂੰ ਸਮਰਪਿਤ ਪਹਿਲਾ ਸੰਤ ਸੰਮੇਲਨ ਸੰਪੰਨ

(ਸਫਾ 1 ਦੀ ਬਾਕੀ)







ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਦੀਵਾਨ ਕੀਰਤਨ ਸਜਾਏ ਗਏ। ਜਿਸ ਵਿਚ ਗਿ. ਮਲਕੀਤ ਦਾਸ ਜੀ ਨੇ ਅੰਮ੍ਰਿਤਬਾਣੀ ਦੇ ਸ਼ਬਦ ਸਰਵਣ ਕਰਵਾਏ। ਉਪਰੰਤ ਮਿਸ ਸੀਮਾ ਹੀਰ ਜੀ ਨੇ ਸਤਿਗੁਰਾਂ ਦੀ ਮਹਿਮਾ ਸੰਗਤਾਂ ਨੂੰ ਸੁਣਾਕੇ ਨਿਹਾਲ ਕੀਤਾ। ਉਪਰੰਤ ਬੇਬੀ ਗੀਤਿਕਾ ਜੀ ਨੇ ਬਾਬਾ ਸਾਹਿਬ ਜੀ ਦੇ ਜੀਵਨ ਉੱਤੇ ਰਚਨਾ ਸਰਵਣ ਕਰਵਾਈ। ਇਸ ਤੋਂ ਬਾਅਦ ਸ੍ਰੀ ਬਲਵਿੰਦਰ ਬਿੱਟੂ ਜੀ ਨੇ ‘ਅਣਖੀ ਲੋਕਾਂ ਦਾ ਅਣਖੀ ਨਾਅਰਾ’, ‘ਏਕੇ ਦਾ ਬਿਗਲ ਬਜਾਈ ਰੱਖਣਾ’, ‘ਰਵਿਦਾਸੀਆ ਧਰਮ ਹੈ ਸਾਡਾ’ ਆਦਿ ਰਚਨਾਵਾਂ ਸਰਵਣ ਕਰਾਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ ਸੰਤ ਪ੍ਰਵਚਨ ਕਰਵਾਏ ਗਏ ਜਿਸ ਵਿਚ ਸੰਤ ਲੇਖ ਰਾਜ ਜੀ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਪ੍ਰਭੂ ਭਗਤੀ ਨਾਲ ਜੋੜਿਆ। ਉਪਰੰਤ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਰਵਿਦਾਸੀਆ ਧਰਮ ਦੇ ਨਿਯਮਾਂ ਤੋਂ ਜਾਣੂ ਕਰਾਕੇ ਸੰਗਤਾਂ ਨੂੰ ਆਪਣੇ ਸਾਰੇ ਹੀ ਕਾਰਜ ਅੰਮ੍ਰਿਤਬਾਣੀ ਨਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਤੋਂ ਉਪਰੰਤ ਸੰਤ ਸੁਖਵਿੰਦਰ ਦਾਸ ਜੀ ਢੱਡੇ ਵਾਲਿਆਂ ਨੇ ਸੰਗਤਾਂ ਨੂੰ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜਿਆ।

ਇਸ ਤੋਂ ਉਪਰੰਤ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦੇ ਸ਼ਬਦ ‘ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ’ ਅਤੇ ਹੋਰ ਸ਼ਬਦਾਂ ਦਾ ਸੰਖੇਪ ਰੂਪ ਵਿਚ ਵਿਖਿਆਨ ਕਰ ਕੇ ਸੰਗਤਾਂ ਨੂੰ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ ਤੇ ਸਮੂਹ ਸੰਗਤਾਂ ਨੂੰ ਉਹਨਾਂ ਦੀ ਵਿਚਾਰਧਾਰਾ ਨਾਲ ਜੋੜਕੇ ਉਹਨਾਂ ਵਲੋਂ ਕੀਤੇ ਪਰਉਪਕਾਰਾਂ ਦੀ ਵਿਸ਼ੇਸ਼ ਜਾਣਕਾਰੀ ਬਖਸ਼ਿਸ਼ ਕੀਤੀ। ਰਵਿਦਾਸੀਆ ਧਰਮ ਦੇ ਬਾਰੇ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਅੱਜ ਸਾਡਾ ਆਪਣਾ ਧਰਮ ਹੈ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਅਸੀਂ ਰਵਿਦਾਸੀਏ ਹਾਂ। ਅੱਜ ਸਾਡਾ ਆਪਣਾ ਅੰਮ੍ਰਿਤਬਾਣੀ ਦਾ ਧਾਰਮਿਕ ਗ੍ਰੰਥ ਹੈ। ਅੱਜ ਅਸੀਂ ਆਪਣੇ ਸਾਰੇ ਕਾਰਜ ਅੰਮ੍ਰਿਤਬਾਣੀ ਨੂੰ ਮੁੱਖ ਰੱਖਕੇ ਕਰ ਰਹੇ ਹਾਂ। ਇਹ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕਾ ਹੈ। ਸਾਨੂੰ ਧਰਮ ਦੇ ਨਿਯਮਾਂ ਦੀ ਹਮੇਸ਼ਾ ਹੀ ਪਾਲਣਾ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਬ੍ਰਹਮਲੀਨ ਸ੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਨੇ ਸਤਿਗੁਰ ਰਵਿਦਾਸ ਮਹਾਰਾਜ ਜੀ ਨੂੰ ਜਨ-ਜਨ ਤੱਕ ਪਹੁੰਚਾਇਆ ਹੈ। ਉਹਨਾਂ ਦਾ ਆਪਾਂ ਦੇਣ ਨਹੀਂ ਦੇ ਸਕਦੇ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਸ਼ਹਾਦਤ ਦਾ ਜਾਮ ਪੀ ਕੇ ਸਿਖਰਾਂ ਤੱਕ ਪਹੁੰਚਾਉਣ ਵਾਲੇ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਨੇ ਮਿਸ਼ਨ ਪ੍ਰਤੀ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਉਹਨਾਂ ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਰਜਿੰਦਰ ਕੁਮਾਰ ਜੀ, ਸ਼ਹੀਦ ਬਲਕਾਰ ਸਿੰਘ ਜੀ ਦੇ ਬਾਰੇ ਵਿਸ਼ੇਸ਼ ਰੂਪ ਵਿਚ ਕਿਹਾ ਕਿ ਇਹਨਾਂ ਦੀ ਸ਼ਹਾਦਤ ਨੇ ਇਤਿਹਾਸ ਦੇ ਪੰਨਿਆਂ ਉਤੇ ਸੁਨਹਿਰੀ ਅੱਖਰਾਂ ਵਿਚ ਨਾਮ ਦਰਜ ਕਰਕੇ ਆਪਣੇ ਆਪ ਨੂੰ ਹਮੇਸ਼ਾ ਲਈ ਅਮਰ ਕਰ ਗਏ ਨੇ। ਸਾਨੂੰ ਆਪਣੇ ਰਹਿਬਰਾਂ ਦੀ ਸੋਚ ’ਤੇ ਪਹਿਰਾ ਦੇ ਕੇ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੀਦਾ ਹੈ। ਇਸ ਸਮਾਗਮ ਵਿਚ ਸੰਗਤਾਂ ਨੇ ਜੋ ਮਾਇਆ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਸੀ ਮਹਾਰਾਜ ਜੀ ਨੇ ਸਾਰੀ ਮਾਇਆ ਪ੍ਰਬੰਧਕਾਂ ਨੂੰ ਭੇਂਟ ਕਰ ਦਿੱਤੀ। ਪ੍ਰਬੰਧਕਾਂ ਵਲੋਂ ਸਮਾਗਮ ਵਿਚ ਪਹੁੰਚੇ ਸੰਤ-ਮਹਾਂਪੁਰਸ਼ਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮਾਗਮ ਵਿਚ ਸੰਤ ਕ੍ਰਿਸ਼ਨ ਨਾਥ ਚਿਹੇੜੂ ਵਾਲਿਆਂ ਨੇ ਆਪਣੀ ਹਾਜ਼ਰੀ ਭਰੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਟੇਜ ਸਕੱਤਰ ਦੀ ਸੇਵਾ ਮਾ. ਸੋਮ ਰਾਜ ਜੀ ਨੇ ਬਾਖੂਬੀ ਨਿਭਾਈ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



ਜੈ ਸਤਿਗੁਰੂ ਰਵਿਦਾਸ ਕਹੋ,
ਸਦਾ ਸੁਖੀ ਰਹੋ।



## ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਸ਼ਰਧਾਲੂ ਪਰਿਵਾਰਾਂ ਵਲੋਂ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਜਾਪ

ਸੇਵਾ, ਸਤਿਸੰਗ ਅਤੇ ਸਿਮਰਨ ਦੇ ਪ੍ਰਤੀਕ ਡੇਰਾ ਸੱਚਖੰਡ ਬੱਲਾਂ ਵਿਖੇ ਸ਼ਰਧਾਲੂ ਪਰਿਵਾਰਾਂ ਵਲੋਂ ਬੀਤੇ ਦਿਨੀਂ ਡੇਰੇ ਵਿਖੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦੇ ਪਾਵਨ ਜਾਪ ਕਰਵਾਏ ਗਏ।

ਪਹਿਲੇ ਜਾਪ ਸ੍ਰੀਮਾਨ ਮਹਿੰਦਰ ਪਾਲ ਜੀ ਬੀਬੀ ਮਹਿੰਦਰ ਕੌਰ ਸ਼ਿਕਾਗੋ ਵਾਲਿਆਂ ਵਲੋਂ ਬੇਟੇ ਵਿਸ਼ਾਲ ਅਤੇ ਬੇਟੀ ਹਿਨਾ ਦੇ ਜਨਮ ਦਿਨ ਦੀ ਖੁਸ਼ੀ ਵਿਚ ਕਰਵਾਏ ਗਏ।

ਦੂਸਰੇ ਜਾਪ ਬੀਬੀ ਹਰਬਿੰਦਰ ਕੌਰ ਪਤਨੀ ਸਵ. ਸ੍ਰੀ ਤੀਰਥ ਰਾਜ ਵਲੋਂ ਕਾਕਾ ਲਖਵਿੰਦਰ ਸੁਮਨ ਦੇ 18ਵੇਂ ਜਨਮ ਦਿਨ ਦੀ ਖੁਸ਼ੀ ਵਿਚ ਪਿੰਡ ਸੀਤਲਪੁਰ ਵਾਲਿਆਂ ਵਲੋਂ ਕਰਵਾਏ ਗਏ।

ਤੀਸਰੇ ਜਾਪ ਸ਼੍ਰੀਮਾਨ ਜਗਦੀਸ਼ ਕੁਮਾਰ ਅਤੇ ਬੀਬੀ ਰਾਜ ਰਾਣੀ ਦੇ ਸਾਰੇ ਕਰਤਾਰਪੁਰ ਵਾਲਿਆਂ ਵਲੋਂ ਪਰਿਵਾਰ ਦੀ ਚੜ੍ਹਦੀ ਕਲਾ ਅਤੇ ਸੁੱਖਸ਼ਾਂਤੀ ਵਾਸਤੇ ਕਰਵਾਏ ਗਏ।

ਚੌਥੇ ਜਾਪ ਸ੍ਰੀਮਾਨ ਰੇਸ਼ਮ ਸਿੰਘ ਪਿੰਡ ਰਾਏਪੁਰ-ਰਸੂਲਪੁਰ ਵਾਲਿਆਂ ਵਲੋਂ ਕਾਕਾ ਉਂਕਾਰ ਸਿੰਘ ਦੀ ਸੁੱਖਸ਼ਾਂਤੀ ਵਾਸਤੇ ਕਰਵਾਏ ਗਏ।

ਡੇਰਾ ਸੱਚਖੰਡ ਬੱਲਾਂ ਦੇ ਪਾਵਨ ਦਰਬਾਰ ਸ੍ਰੀ ਗੁਰੂ ਰਵਿਦਾਸ ਸਤਿਸੰਗ ਹਾਲ ਵਿਚ ਸ਼ਰਧਾਲੂ ਪਰਿਵਾਰਾਂ ਵਲੋਂ ਪਰਮ ਪੂਜਿਐ ਸਤਿਕਾਰਯੋਗ ਸਤਿਗੁਰੂ ਨਿਰੰਜਣ ਦਾਸ ਮਹਾਰਾਜ ਜੀ ਦੀ ਪਾਵਨ ਸਰਪ੍ਰਸਤੀ ਹੇਠ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਦੇ ਜਾਪ ਹੋਏ। ਇਸ ਸੁਭਾਗੇ ਸਮੇਂ ’ਤੇ ਸਤਿਕਾਰਯੋਗ ਸੁਆਮੀ ਨਿਰੰਜਣ ਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਪਰਮ ਸਤਿਕਾਰਯੋਗ ਸੰਤ ਸੁਰਿੰਦਰ ਦਾਸ ਬਾਵਾ ਜੀ ਹੁਰਾਂ ਨੇ ਅੰਮ੍ਰਿਤਮਈ ਰਸਨਾ ਦੁਆਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦਾਂ ਰਾਹੀਂ ਸ਼ਰਧਾਲੂ ਸੰਗਤਾਂ ਨੂੰ 1 ਘੰਟਾ ਸਤਿਸੰਗ ਸਰਵਣ ਕਰਵਾਇਆ। ਸੰਗਤਾਂ ਪਰਮੇਸ਼ਰ ਦੀ ਮਹਿਮਾ ਸਰਵਣ ਕਰਕੇ ਭਰਪੂਰ ਨਿਹਾਲ ਹੋਈਆਂ ਅਤੇ ਜੀਵਨ ਨੂੰ ਸਫਲਾ ਬਣਾਉਣ ਵਾਸਤੇ ਅਰਦਾਸ ਹੋਈ।

# श्री 108 संत निरंजन दास महाराज जी और श्री 108 संत सुरिन्द्र दास बावा जी द्वारा रविदासिया धर्म के प्रचार व प्रसार हेतु ब्रिटेन यात्रा

## वुल्वरहैंम्पटन में द्वितिय सत्संग का आयोजन

तिथि 27-08-2011 दिन शनिवार को श्री 108 संत सरवण दास चेरीटेबल ट्रस्ट यू.के. और वुल्वरहैंम्पटन की संगतों की ओर से श्री बलवीर कलेर जी की फैक्ट्री में अमृतवाणी का प्रकाश कर श्री 108 सतगुरू स्वामी निरंजन दास महाराज जी की पावन सरप्रस्ती में सत्संग का आयोजन किया गया। इस समारोह में अमृतवाणी के जाप श्रीमान वरिन्द्र जी ने किए। उपरांत सतपाल सरोये व पार्टी की ने 'अरदास करदे हां दाता झोली साडी भरदे', 'नाम जप लो नसीबां वालियो लुट पै गई राम नाम दी' शब्दों से संगतों को निहाल किया। उपरांत श्री रूमला जी ने एक शब्द से संगतों को निहाल किया। उनके बाद बीबी मनीषा, सुनीता और यशपाल जी के जत्थे ने 'इह जन्म तुम्हारे लेखे' शब्द से संगतों को निहाल किया। श्रीमान सोहन रंगीला जी ने दो शब्दों के साथ समारोह की हाजिरी भरी। श्री 108 संत सरवण दास सभा साउथहाल की बीबीयों ने 'कोई न होए सहाई तेरा कोई न होए सहाई' शब्द श्रवण कराया। उपरांत आदरणीय श्री 108 संत सुरिन्द्र दास बावा जी ने मधुर वाणी से जगतगुरू रविदास महाराज जी की पावन अमृतवाणी के शब्द 'खोजत किथों फिरे तेरे घट सिरजनहार' की सुंदर व्याख्या से संगतों को आनंद विभोर किया और संगतों को जगतगुरू रविदास महाराज जी के दर्शाये हुए मार्ग पर चलने की प्रेरणा दी। उपरांत सतपाल सरोये जी की पार्टी ने पावन आरती का गायन किया और श्री वरिन्द्र जी ने अरदास की। गुरू जी का अतूट लंगर संगतों को सुप्रेम छकाया गया।

## ब्रहमलीन श्री 108 संत सरवण दास महाराज जी, ब्रहमलीन श्री 108 संत गरीब दास जी का बरसी समारोह, अमर शहीद संत रामानंद जी महाराज का शहीदी पर्व मनाया

तिथि 28-08-2011 दिन रविवार को श्री 108 संत सरवण दास चेरीटेबल ट्रस्ट यू.के. और वुल्वरहैंम्पटन की संगतों की ओर से श्री बलवीर कलेर जी की फैक्ट्री में अमृतवाणी का प्रकाश कर श्री 108 सतगुरू स्वामी निरंजन दास महाराज जी की पावन सरप्रस्ती में ब्रहमलीन श्री 108 सतगुरू स्वामी सरवण दास महाराज जी, ब्रहमलीन श्री 108 संत गरीब दास जी का बरसी समारोह और कौम के महान अमर शहीद श्री 108 संत रामानंद महाराज जी का शहीदी पर्व अति श्रद्धा भाव से मनाया गया। इस समारोह में श्री अजीत कुमार कमल, बीबी रत्न और कमल परिवार की ओर से पावन अमृतवाणी के जाप करवाये गए। इस समारोह में अति विशाल संख्या में गुरू जी की प्यारी संगतों ने भाग लिया। बीबी प्रीतम कौर जी वेस्टबरूस के जत्थे ने 'साची प्रीत हम तुम संग जोरि', 'दानी ते भक्त सूरमे विरले ही हुन्दे ने' शब्दों से संगतों को निहाल किया। उपरांत बीबी मनीषा, सुनीता और यशपाल जी के जत्थे ने 'जे कुल साध वैसनो होये', 'जांवा नित नित मैं बलिहारे रब देयां संता दे' शब्दों द्वारा संगतों को आनंदित किया। उपरांत श्री शमशेर सिंह दूलो पूर्व विधायक भारत ने श्रद्धासुमन भेंट करते हुए संगतों को रविदासिया धर्म व अमृतवाणी के साथ जुडने का आग्रह किया। श्री सतपाल सरोये जी, श्री यमला जी ने संगतों को गुरू जी के शब्द श्रवण कराये। उपरांत श्री राज माणक जी ने 'उत्थे फिर चेता प्रीतम प्यारे दा आउंदा है' शब्द से संगतों का निहाल किया। श्री सोहन लाल रंगीला जी ने 'घर कल्सां दे लोकीं देन बधाईयां' शब्द से समारोह में हाजिरी लगाई। उपरांत आदरणीय श्री 108 संत सुरिन्द्र दास बावा जी ने मधुर वाणी से सबसे पहले श्री 108 सतगुरू स्वामी निरंजन दास जी व अपनी ओर से उपस्थित संगतों का कोटिन-कोटि धन्यवाद करते हुए रविदासिया धर्म, जगतगुरू रविदास महाराज जी की पावन अमृतवाणी और जगतगुरू रविदास महाराज जी के मिशन से संगतों को अवगत किया। संत बावा जी महाराज ने गुरू जी के पावन शब्द 'जेहि कुल साध वैसनो होये' की सुंदर व्याख्या करते हुए संगतों को ब्रहमलीन श्री 108 संत सरवण दास महाराज जी, ब्रहमलीन श्री 108 संत गरीब दास जी और रविदासिया कौम के महान अमर शहीद संत रामानंद जी महाराज के जीवन और उनके द्वारा कौम के प्रति किये गए परोपकारों पर प्रकाश किया। उपरांत श्री निर्मल महे जी ने गुरू रविदास महाराज जी की उपमा में एक सुंदर कविता संगतों को श्रवण कराई और उपस्थित संगतों का धन्यवाद किया। श्री हरबंस लाल शौंकी जी ने मंच संचालन बाखूबी किया। श्री सतपाल सरोये जी ने गुरू जी की पावन आरती का गायन किया और श्री वरिन्द्र जी ने सरबत के भले की अरदास की। इस समारोह को कांशी रेडियो की ओर से इंटरनैट पर प्रसारित किया गया। समारोह में माननीय हस्तियों को सिरोपाउ भी भेंट किये गए। ब्रिटेन के कोने-कोने से संगतों ने इस पावन समारोह में भाग लिया और संत महापुरूषों का आशीर्वाद लिया। गुरू जी का अतूट लंगर सुप्रेम वितरित किया गया।

## कैटरोनिया परिवार के गृह में अमृतवाणी के जाप

तिथि 28-08-2011 दिन रविवार को कैटरोनिया परिवार के माता प्रसिन्नी व उनके सपुत्र श्री चमन लाल, श्री मदन लाल, श्री मोहन लाल व परिवार की ओर से उनके गृह में श्री 108 संत निरंजन दास महाराज जी की पावन सरप्रस्ती में 'अमृतवाणी सुखसागर' के जाप श्री वरिन्द्र जी ने किये। उपरांत आदरणीय श्री 108 संत सुरिन्द्र दास बावा जी ने 'दार्द देख सभी को हंसे ऐसी दसा हमारी' शब्द की मधुर वाणी द्वारा व्याख्या से संगतों को आनंदित किया। उपरांत श्री वरिन्द्र जी ने सर्व कल्याण हेतु अरदास की और गुरू जी का अतूट लंगर संगतों का छकाया गया।

## श्री गुरू रविदास सुप्रीम कौंसिल यू.के. की ओर से रविदासिया कौम के महान अमर शहीद संत रामानंद महाराज जी का शहीदी पर्व मनाया गया

तिथि 29-08-2011 दिन सोमवार को श्री गुरू रविदास सुप्रीम कौंसिल यू.के. और साउथहाल की संगतों की ओर से डरिल हाल में रविदासिया कौम के महान अमर शहीद संत रामानंद महाराज जी का शहीदी पर्व अमृतवाणी का प्रकाश कर श्री 108 संत निरंजन दास महाराज जी की पावन सरप्रस्ती में अति श्रद्धा भाव से मनाया गया। अमृतवाणी के जाप श्रीमान वरिन्द्र जी ने किए। उपरांत श्री 108 संत रामानंद महाराज जी को 2 मिनट मौन रखकर श्रद्धांजलि भेंट की गई। उपरांत श्री 108 संत सरवण दास सत्संग सभा साउथहाल द्वारा 'अमृतवाणी सतगुरू के मीठे बोल बोलदी' व अन्य शब्द श्रवण कराये गए। उपरांत श्री सतीष सुम्मन जी ने श्रद्धासुमन भेंट करते हुए संगतों को 'अमृतवाणी सतगुरू रविदास महाराज जी' के साथ जुडने और 'हरि' के निशान में एकत्रित होने की प्रेरणा दी। उपरांत श्री शमशेर सिंह दूलो जी पूर्व विधायक, भारत ने श्रद्धासुमन भेंट करते हुए संगतों को संगठित होकर रविदासिया धर्म व अमृतवाणी से जुडने का आग्रह किया। उपरांत श्री राम लाल जी, फ्रांस ने संगतों को मिलकर एक प्लेटफार्म पर एकत्रित होकर अमृतवाणी को अपनाने की अपील की। इनके बाद श्री राम चंद विरदी जनरल सैक्ट्री जी ने श्रद्धासुमन भेंट करते हुए संतों की महिमा में शब्द श्रवण कराये। श्री लेखराज विरदी एडवोकेट जी ने श्रद्धासुमन भेंट करते हुए संगतों से पढ लिखकर एकत्रित होकर अमृतवाणी को अपनाने का आग्रह किया। श्री राज माणक जी ने शब्द 'जप लो नसीबां वालियो लुट पै गई राम नाम दी' से संगतों को निहाल किया। श्री बलविंदर बिटटू जी व अवतार तारी जी ने 'दर्शन सतगुरू तेरा जी मैं देख देख जीवां' श्रवण कराया। श्री जीत लाल महिमी जी ब्रैडफोर्ड वालों ने 'तैनू मिलनी ना मानस देहि युगां दे युग बीत जानगे', 'द्वार दसवें दा खोलदे ने ताला है कुंजी हथ साधूयां दे' शब्द गायन कर संगतों को आनंदित किया। उपरांत आदरणीय श्री 108 संत सुरिन्द्र दास बावा जी ने अपनी मधुर रसना से श्री गुरू रविदास सुप्रीम कौंसिल यू.के. का इस महान समारोह का आयोजन करने के लिए धन्यवाद देते हुए जगतगुरू रविदास महाराज जी के जीवन, मिशन और शिक्षायों पर प्रकाश किया और कहा कि 30 जनवरी 2010 को रविदासिया धर्म का स्थापना दिवस, जिसमें हजारों की संख्या में साधू समाज से संत महापुरूष व विश्व के कोने कोने से लाखों श्रद्धालूयों का सैलाब शामिल हुआ ने उस रात सदी का चंद्रमा 50 हजार की सबसे कम दूरी पर देखा गया, जिसमें जगतगुरू रविदास महाराज जी के पावन दर्शन दीदारे सभी संगतों ने किए, के विषय में संगतों को अवगत कराते हुए प्रवच्नों से निहाल किया। श्री वरिन्द्र सिंह जी ने मंच संचालन की सेवा बाखूबी निभाई और अमर शहीद संत रामानंद महाराज जी के जीवन व बलिदान पर प्रकाश किया। श्री मनजीत राये जी ने पावन आरती का गायन किया। अंत में श्री मनजीत राये जी प्रधान श्री गुरू रविदास सुप्रीम कौंसिल यू.के. ने उपस्थित सभी संगतों का आभार व्यक्त किया और सभी को संगठित होने पर बल दिया। इस समारोह में अति विशाल संख्या में संगतों ने हाजिरी लगाई। समारोह में माननीय हस्तियों को सिरोपाउ से सम्मानित किया गया। गुरू जी का अतूट लंगर सप्रेम छकाया गया। इस पावन समारोह की रिपोर्ट श्रीमान होशियार लाल जी ने संगतों की सेवा में सुप्रेम भेंट की।

अनुवादित- सुखविंदर कौलधार

# भोपाल ( म॰प्र॰ ) में रविदासिया समाज की दशा और दिशा पर एक दिवसीय चिन्तन संगोष्ठी संपन्न

दिनांक 21 अगस्त 2011, स्थान रेलवे इन्स्टीट्यूट सभागृह, कोच फैक्टरी कलोनी, भोपाल (मध्य प्रदेश)

मा॰ श्री सुखदेव जी महाराज को उक्त संगोष्ठी में भाग लेने के लिए आयोजक समिती द्वारा आमंत्रण पत्र प्राप्त हुआ, जिसमें आखरी शब्द लिखा था, आपकी उपस्थिति, आपका सामाजिक दायित्व है। दिनांक 19-8-2011 को सुबह 6 बजे पूना महाराष्ट्र में संगोष्ठी में भाग लेने हेतू अपने कुछ अनुयायियों को साथ लेकर निकले, सर्वप्रथम शाम 6 बजे श्री गुरु रविदास जी कुंड काकडा खोए सांडू ज़िला धार मध्यप्रदेश दर्शन हेतु पहुंचे।

विधीत हो कि पिठाधीश 108 सद्‌गुरु निरंजन दास जी महाराज के सानिध्य में 14 अक्टूबर 2011 को रविदास कुंड काकडा खोए मांडू जि. धार, मध्यप्रदेश इस स्थान पर एक विशाल रविदासिया धर्म संत सम्मेलन किया जा रहा है।

यहां पर संत तनसैया जी महाराज के साथ कुंड तथा कुंड के आस-पास का निरक्षण श्री सुखदेव जी महाराज ने किया। वहां से सीधा डॉ॰ भीम राव अम्बेडकर जी के जन्म स्थान (महु छावणी इंदौर) रात को 9 बजे पहुंच कर अवलोकन किया।

रात को निवास करने के लिए धन्नालाल जी जोडवाल (अखिल भारतीय रविदासिया धर्म संगठन मंत्री, मध्य प्रदेश इन्दौर) के घर पर पहुंचे जहां पर धन्नालाल जी के परिवार तथा समाज की महिलाओं ने मा. सुखदेव जी महाराज तथा संत सुन्दर दास शास्त्री जी की आरती उतार कर स्वागत किया।

सुबहसं गोष्ठी में भाग लेने के लिए भोपाल प्रस्तान किये। सर्वप्रथम मा. सुरज कैरो (अध्यक्ष अहिरवाल समाज परिषद, इन्दौर) के निवास स्थान पहुंचे, जहां पर रविदासिया धर्म एवं अमृतवाणी सतिगुरु रविदास महाराज जी के बारे में लगभग एक घण्टा चर्चा हुई। तद्‌पश्चात् सांची बुध्द स्तूप होते हुए शाम 6 बजे भोपाल शहर पहुंचे। भोपाल शहर पहुंचते ही अखिल भारतीय रविदासिया धर्म संगठन अध्यक्ष मध्यप्रदेश मा. हरिराम चौधरी और उनके पदाधिकारीयों ने फूलमाला से स्वागत किया। उनके साथ डॉ॰ राजकुमार अहिरवार (एसोसिएट प्रोफेसर विक्रम विश्वविद्यालय उज्जैन, मध्यप्रदेश) और उनके साथ रविदासिया समाज के कई बुद्धीजीवी एकत्र होकर उनके साथ रविदासिया धर्म के बारे में बातचीत हुई, विचार विमर्श के अंत में सभी ने एकमात्र रविदासिया धर्म अपनाने का विकल्प बताया।

दूसरे दिन दिनांक 21-8-2011 को दोपहर करीब 12 बजे मा. श्री सुखदेव जी महाराज अपने अनुयायियों को साथ लेकर सभास्थल पहुंचे, जहां पर पहले से ही आयोजिक समिति के पदाधिकारी एवं आम जनता श्री मा. सुखदेव महाराज जी का इंतजार कर रही थी, क्योंकि रविदासिया समाज की यह पहली संगोष्ठी थी। जहां पर भारत वर्ष के कोने-कोने से रविदासिया समाज के विद्वान, आई.ए.एस. तथा आई.पी.एस. उपस्थित थे। श्री मा. सुखदेव जी के महाराज पहुंचने पर सभी ने श्री गुरु रविदास महाराज जी का जयकारा लगाते हुए बड़े हर्ष-उल्हास से स्वागत किया। आयोजक समिति के अध्यक्ष श्री राधाकिशन बकोरिया इन्होंने मा. श्री सुखदेव जी महाराज को अध्यक्षीय कुर्सी पर बिराजमान किया तथा साथ में सुंदर दास जी शास्त्री महाराज विराजमान थे तथा 25 कुर्सीयों के उपर रविदासिया समाज के विद्वान मंचासीन थे। डा. राजकुमार संगोष्ठी का संचालन कर रहे थे। संगोष्टी में भारत के कोने-कोने से आये विद्वानों ने रविदासिया समाज की दशा और दिशा पर प्रकाश डाला, जो हर रविदासिया समाज को आत्मसात करना चाहिए।

अंत में आध्यक्षीय भाषण में मा. सुखदेव जी महाराज ने रविदासिया समाज की दशा के बारे में कहा कि पहले की तुलना में रविदासिया समाज की वर्तमान दशा अच्छी है। अब हमें रविदासिया समाज को सही दिशा देने की जरूरत है। हम सभी प्रबुद्ध नागरिकों का कर्तव्य है कि अपने समाज को सही दिशा दें, जिसमें समाज की उन्नती हो सके और राष्ट्रीय सत्त पर केवल ऐसा ही कार्यक्रम हर एक राज्य में होना चाहिए। जिसमें समाज के धनवान लोग बुद्धीजीवी लोग समाज को सही दिशा देकर समाज को उन्नती के पथ पर ले जाए और हमारे रविदासिया समाज का सभी क्षेत्रों में विकास हो सके। उन्होने अपने जीवन के बारे में बताया कि बचपन से ही बालमजूरी करके और बहुत ही गरीबी की हालत से गुजरते हुए तथा श्री गुरु रविदास जी महाराज की असीस कृपा से आज मैं इस मुकाम पर पहुंचा हुँ। गुरु महाराज जी की अमृतवाणी का उदाहरण देते हुए कहा, ऐसी लाल तुझ बिनु कउनु करै॥ गरीब निवाजु गुसईआ मेरा माथै छत्रु धरै॥ मा. सुखदेव जी महाराज ने डेरा संत सरवण दास जी सच्चखण्ड बल्लां के महापुरुषों जी के जीवन के बारे जानकारी दी तथा रविदासिया धर्म ग्रहण करने की अपील की, तथा जन-गणना में रविदासिया धर्म लिखवाने की घोषणा की।

संगोष्ठी समाप्ती के बाद मा. सुखदेव जी महाराज सीधा दिल्ली चले। दूसरे दिन 22-8-2011 को सतगुरु कबीर जी मंदिर, मदनगिरी दिल्ली में विश्राम करके सुबह दि. 23-8-2011 को यू.पी. भवन नई दिल्ली में पूर्व राज सभा-सदस्य मा. श्री बलिहारी बाबु से मिले। वहां पर रविदासिया धर्म और अमृतवाणी सतगुरु रविदास महाराज जी पर चर्चा हुई तथा उनके ही सम्पर्क में महासचिव श्री मा. राहुल गांधी की भेंट हुई। जिसमें मा. सुखदेव महाराज जी ने रविदासिया धर्म के बारे में श्री राहुल जी को अवगत किया और श्री गुरु रविदास जन्म स्थान मंदिर सीर गोवर्धनपुर वाराणसी में दर्शन पुजन हेतु आग्रह किया तथा श्री गुरु रविदास महाराज मंदिर, तिसरे धर्मस्थान, कात्रज, पूणे महाराष्ट्र में बन रहे अमर शहीद श्री 108 संत रामा नंद जी के स्मृती स्तंभ दि. 7 दिसंबर को उद्‌घाटन करने के लिए निवेदन किया।

दिल्ली से निकल कर शाम 4 बजे अहमदाबाद (गुरजरात) पहुंचे। उद्योग तथा अखिल भारतीय रविदासिया धर्म संगठन गुजरात अध्यक्ष मा. श्री मकवाना साहब से और मा. श्री मोहित परमार (फिल्म प्रोडयूसर, डायरेक्टर तथा अखिल भारतीय रविदासिया धर्म संगठन गुजरात मदननिस) उनके साथ रविदासिया धर्म तथा अमृतवाणी सतगुरु रविदास महाराज जी पर चर्चा हुई। बाद में पूना के लिए माननीय रवाना हुए।

# अमृत-बाणी जगत्‌गुरु रविदास जी

## शब्द विचार

**कालहु नायि ताहि पद सीसा,**
**नहिं बिसराऊं खिन एकहु ईश्वर।। टेक।।**
**जनम मरुन अरु जग जाला,**
**नाम परताप न बिआपहिं ब्याला।**
**अगत विगत अनादि अनूपा,**
**विसव वियापक ब्रह्म अरूपा।।**
**घट घट तिह पेखीयत अयिसे,**
**जल महिं लहिर, लहिर जल जयिसे।**
**कहि रविदास हरि सरब वियापक,**
**सरब चिंतामणि सरब प्रतिपालक।।१।।**

इस पावन शब्द में जगत्‌गुरु रविदास महाराज जी, सभी जीवों को सर्वव्याप्त प्रभु का सिमरन करने का, पावन उपदेश देते हैं।

**कालहु नायि ताहि पद सीसा,**
**नहिं बिसराऊं खिन एकहु ईश्वर।। टेक।।**

काल के प्रभाव से मुक्त प्रभु के चरणों में, मैं अपना शीश झुकाता हूँ और एक क्षपल मात्र भी प्रभु को भुलाता नहीं हूँ।

**जनम मरुन अरु जग जाला,**
**नाम परताप न बिआपहिं ब्याला।**

प्रभु नाम के प्रताप के कारण, जन्म-मरण रूपी दुख और संसार के जंजाल नहीं सताते।

**अगत विगत अनादि अनूपा,**
**विसव वियापक ब्रह्म अरूपा।।**

प्रभु की गति को कोई भी नहीं जान सकता, वह घटता-बढ़ता नहीं है, वह अनहद है और अनुपम है। ऐसा प्रभु सारे ब्रह्मण्ड में विद्यमान् है, उसका कोई विशेष रूप नहीं है।

**घट घट तिह पेखीयत अयिसे,**
**जल महिं लहिर, लहिर जल जयिसे।**

प्रभु सारे संसार में इस प्रकार विद्यमान् है, जिस प्रकार पानी में लहरें और लहरों में पानी होता है।

**कहि रविदास हरि सरब वियापक,**
**सरब चिंतामणि सरब प्रतिपालक।।१।।**

सतगुरु रविदास महाराज जी उच्चारण करते हैं कि हरि सर्व-व्यापत है तथा मनवांछित फल देने वाला है। वही सब का पालन करने वाला है।

**-संत सुरिन्दर दास बावा ( डेरा सच्चखण्ड बल्लां, जालन्धर )**

## ਮੁਕੇਰੀਆਂ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਅਤੇ ਰਵਿਦਾਸੀਆ ਧਰਮ ਦੇ ਸਥਾਪਨਾ ਦਿਵਸ ਨੂੰ ਸਮਰਪਿਤ 7ਵਾਂ ਮਹਾਨ ਸੰਤ ਸੰਮੇਲਨ ਸ਼ਰਧਾ ਸਹਿਤ ਸੰਪੰਨ

(ਸਫਾ 1 ਦੀ ਬਾਕੀ)

ਅੰਮ੍ਰਿਤਬਾਣੀ ਦੇ ਸੰਬੰਧ ਵਿਚ ਅਤੇ ਰਵਿਦਾਸੀਆ ਧਰਮ ਦੇ ਸੰਬੰਧ ਵਿਚ ਵੱਡਮੁੱਲਾ ਗਿਆਨ ਬਖਸ਼ਿਸ਼ ਕੀਤਾ ਤੇ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਵਿਚ ਸੰਤ ਰਾਮ ਚੰਦ ਜੀ ਰਾਮਪੁਰ ਵਾਲੇ, ਸੰਤ ਤੀਰਥ ਸਿੰਘ ਬਗੋਲਪੁਰ ਵਾਲੇ, ਸੰਤ ਸਤਨਾਮ ਦਾਸ ਜੀ ਕਰਤਾਰਪੁਰ ਵਾਲੇ, ਸੰਤ ਰੁਸਤਮ ਗਿਰ ਜੀ, ਸੰਤ ਗੁਰਦੇਵ ਦਾਸ ਜੀ, ਸੰਤ ਕੈਲਾਸ਼ ਗਿਰ ਜੀ, ਸੰਤ ਬੁੱਧ ਗਿਰ ਜੀ, ਸੰਤ ਉਪਦੇਸ਼ ਗਿਰ ਜੀ ਨੇ ਵੀ ਸਮਾਗਮ ਵਿਚ ਹਾਜ਼ਰੀ ਭਰੀ। ਉਪਰੰਤ ਸੰਤ ਪ੍ਰੇਮ ਚੰਦ ਜੀ ਰਸ਼ਪਾਲਮਾ ਵਾਲਿਆਂ ਨੇ ਆਪਣੇ ਪ੍ਰਵਚਨ ਸੰਗਤਾਂ ਨੂੰ ਸਰਵਣ ਕਰਵਾਏ। ਇਸ ਤੋਂ ਉਪਰੰਤ ਸ਼੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਸਹਿਯੋਗੀ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਆਪਣੇ ਵੱਡਮੁੱਲੇ ਤੇ ਕ੍ਰਾਂਤੀਕਾਰੀ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਜੋੜ ਕੇ ਉਹਨਾਂ ਦੇ ਪਰਉਪਕਾਰਾਂ ਬਾਰੇ ਵਿਸ਼ੇਸ਼ ਚਾਨਣਾ ਪਾਉਂਦੇ ਹੋਏ ਕਿਹਾ ਕਿ ਅੱਜ ਅਸੀਂ ਇੱਜ਼ਤ-ਅਣਖ ਦੀ ਅਗਰ ਜ਼ਿੰਦਗੀ ਬਸਰ ਕਰ ਰਹੇ ਹਾਂ ਤਾਂ ਆਪਣੇ ਰਹਿਬਰਾਂ ਦੀ ਬਦੌਲਤ ਹਾਂ। ਉਹਨਾਂ ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਮਹਾਰਾਜ ਜੀ ਵਲੋਂ ਜੋ ਵੱਡੇ ਉਪਰਾਲੇ ਕੀਤੇ ਉਹਨਾਂ ਬਾਰੇ ਸੰਗਤਾਂ ਨੂੰ ਵਿਸ਼ੇਸ਼ ਰੂਪ ਵਿਚ ਦੱਸਿਆ। ਉਹਨਾਂ ਕਿਹਾ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਨੇ ਰਾਤ-ਦਿਨ ਇਕ ਕਰਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਪੂਰੇ ਵਿਸ਼ਵ ਵਿਚ ਜਨ-ਜਨ ਤੱਕ ਪਹੁੰਚਾ ਕੇ ਸੰਗਤਾਂ ਅੰਦਰ ਨਵਾਂ ਜੋਸ਼ ਭਰਿਆ ਹੈ ਤੇ ਰਹਿਬਰਾਂ ਦੇ ਮਿਸ਼ਨ ਲਈ ਸ਼ਹਾਦਤ ਦਾ ਜਾਮ ਪੀ ਕੇ ਸਮੁੱਚੀ ਰਵਿਦਾਸੀਆ ਕੌਮ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਕਰ ਦਿੱਤਾ ਹੈ। ਉਹਨਾਂ ਰਵਿਦਾਸੀਆ ਧਰਮ ਬਾਰੇ ਬੋਲਦਿਆਂ ਕਿਹਾ ਕਿ ਅੱਜ ਧਰਮ ਬਣਨ ਨਾਲ ਸਾਡੀ ਵੱਖਰੀ ਪਹਿਚਾਣ ਬਣੀ ਹੈ ਤੇ ਸਮੁੱਚੀ ਕੌਮ ਦੇ ਅੰਦਰ ਖੁਸ਼ੀ ਦੀ ਲਹਿਰ ਜਾਗੀ ਹੈ। ਉਹਨਾਂ ਕਿਹਾ ਕਿ ਸਾਡਾ ਰਹਿਬਰ ਸਤਿਗੁਰੂ ਰਵਿਦਾਸ ਮਹਾਰਾਜ ਜੀ, ਅੰਮ੍ਰਿਤਬਾਣੀ ਸਾਡਾ ਧਾਰਮਿਕ ਗ੍ਰੰਥ ਹੈ, ਸੀਰ ਗੋਵਰਧਨਪੁਰ ਸਾਡਾ ਮਹਾਨ ਤੀਰਥ ਅਸਥਾਨ ਹੈ, 'ਹਰਿ' ਦਾ ਨਿਸ਼ਾਨ ਸਾਡਾ ਕੌਮੀ ਨਿਸ਼ਾਨ ਹੈ, ਜੈ ਗੁਰਦੇਵ ਜੀ ਸਾਡਾ ਸੰਬੋਧਨ ਹੈ, ਸਾਡਾ ਮੁੱਖ ਮੰਤਵ ਹੈ ਆਪਣੇ ਰਹਿਬਰਾਂ ਦੇ ਮਿਸ਼ਨ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਹੈ। ਕਿਉਂਕਿ ਸਾਰੇ ਹੀ ਧਰਮ ਸੱਚ ਦਾ ਰਾਹ ਦਿਖਾਉਂਦੇ ਹਨ। ਉਹਨਾਂ ਅਮਰ ਸ਼ਹੀਦਾਂ ਬਾਰੇ ਕਿਹਾ ਕਿ ਸ਼ਹੀਦ ਵਿਜੈ ਕੁਮਾਰ ਜੀ, ਸ਼ਹੀਦ ਤੇਲੂ ਰਾਮ ਜੀ, ਸ਼ਹੀਦ ਬਲਕਾਰ ਸਿੰਘ ਜੀ, ਸ਼ਹੀਦ ਰਜਿੰਦਰ ਕੁਮਾਰ ਜੀ ਨੇ ਕੌਮ ਲਈ ਸ਼ਹਾਦਤ ਦਾ ਜਾਮ ਪੀ ਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਆਪਣਾ ਨਾਮ ਲਿਖ ਕੇ ਨਵਾਂ ਇਤਿਹਾਸ ਸਿਰਜਿਆ ਹੈ। ਇਹਨਾਂ ਦੀ ਸ਼ਹਾਦਤ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਸਾਨੂੰ ਆਪਣੇ ਰਹਿਬਰਾਂ ਦੀ ਸੋਚ 'ਤੇ ਪਹਿਰਾ ਦੇ ਕੇ ਉਹਨਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੀਦਾ ਹੈ। ਇਸ ਤੋਂ ਉਪਰੰਤ ਮਾਸਟਰ ਸੋਮ ਰਾਜ ਜੀ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਵਿਚ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਨੂੰ ਸੰਗਤਾਂ ਨੇ ਜੋ ਮਾਇਆ ਨਮਸਕਾਰ ਕੀਤੀ ਮਹਾਰਾਜ ਜੀ ਨੇ ਪ੍ਰਬੰਧਕਾਂ ਨੂੰ ਭੇਂਟ ਕਰ ਦਿੱਤੀ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਇਲਾਕੇ ਦੀਆਂ ਸਮੂਹ ਸ਼੍ਰੀ ਗੁਰੂ ਰਵਿਦਾਸ ਸੇਵਕ ਸਭਾਵਾਂ ਨੇ ਆਪਣਾ







ਵੱਡਮੁੱਲਾ ਯੋਗਦਾਨ ਪਾਇਆ। ਪ੍ਰਬੰਧਕਾਂ ਵਲੋਂ ਆਏ ਸੰਤਾਂ-ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸ਼੍ਰੀ ਲਸ਼ਕਰ ਸਿੰਘ ਪ੍ਰਧਾਨ ਜੀ ਨੇ ਅਹਿਮ ਭੂਮਿਕਾ ਨਿਭਾਈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਗੁਰੂ ਜੱਸ ਸਰਵਣ ਕਰਕੇ ਆਪਣਾ ਜੀਵਨ ਸਫਲ ਕੀਤਾ। ਸਟੇਜ ਸਕੱਤਰ ਦੀ ਸੇਵਾ ਸ਼੍ਰੀ ਗੁਰਦਿਆਲ ਸਿੰਘ ਪ੍ਰਧਾਨ ਜੀ ਨੇ ਬਾਖੂਬੀ ਨਿਭਾਈ। ਉਪਰੰਤ ਗੁਰੂ ਕਾ ਲੰਗਰ ਛਕਾਇਆ ਗਿਆ।

*ਰਿਪੋਰਟ—ਕੁਲਵੰਤ ਕਜਲਾ*

## ਰਵਿਦਾਸੀਆ ਧਰਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੇ ਦੂਸਰੇ ਸ਼ਹੀਦੀ ਸਮਾਗਮ ਨੂੰ ਸਮਰਪਿਤ ਖੂਨਦਾਨ ਕੈਂਪ ਲਗਾਇਆ

ਮਿਤੀ 8-9-2011 (ਕੁਲਵੰਤ ਕਜਲਾ)—ਗੁਰੂ ਰਵਿਦਾਸ ਫੋਰਸ ਪੰਜਾਬ (ਰਜਿ.) ਵਲੋਂ ਸਿਵਲ ਹਸਪਤਾਲ ਫਗਵਾੜਾ ਵਿਖੇ ਰਵਿਦਾਸੀਆ ਧਰਮ ਦੇ ਮਹਾਨ ਅਮਰ ਸ਼ਹੀਦ ਸੰਤ ਰਾਮਾਨੰਦ ਮਹਾਰਾਜ ਜੀ ਦੇ ਦੂਸਰੇ ਸ਼ਹੀਦੀ ਸਮਾਗਮ ਨੂੰ ਸਮਰਪਿਤ ਖੂਨਦਾਨ ਕੈਂਪ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਪ੍ਰੇਰਨਾ ਦੁਆਰਾ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ 'ਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਕੇ ਖੂਨਦਾਨ ਕੈਂਪ ਦੀ ਸ਼ੁਰੂਆਤ ਕੀਤੀ ਤੇ ਕਿਹਾ ਕਿ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਪੈਰੋਕਾਰ ਹਮੇਸ਼ਾ ਹੀ ਲੋਕ ਭਲਾਈ ਦੇ ਕਾਰਜਾਂ ਵਿਚ ਹਿੱਸਾ ਪਾਉਂਦੇ ਆਏ ਨੇ ਤੇ ਹਮੇਸ਼ਾ ਹੀ ਅਜਿਹੇ ਕਾਰਜ ਕਰਦੇ ਰਹਿਣਗੇ। ਉਹਨਾਂ ਨੇ ਗੁਰੂ ਰਵਿਦਾਸ ਫੋਰਸ ਵਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ 'ਤੇ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ (ਬੋਪਾਰਾਏ ਕਲਾ), ਸੰਤ ਲੇਖ ਰਾਜ ਜੀ (ਨੂਰਪੁਰ ਵਾਲੇ), ਸੰਤ ਸੁਖਵਿੰਦਰ ਦਾਸ ਜੀ ਢੱਡੇ ਨੇ ਵੀ ਇਸ ਖੂਨਦਾਨ ਕੈਂਪ ਵਿਚ ਹਾਜ਼ਰੀ ਭਰੀ। ਇਸ ਮੌਕੇ 'ਤੇ ਫੋਰਸ ਦੇ ਪ੍ਰਧਾਨ ਸ੍ਰੀ ਸਤੀਸ਼ ਸੁੰਮਨ ਜੀ ਨੇ ਖੂਨਦਾਨ ਕਰਨ ਵਾਲਿਆਂ ਨੂੰ ਫਰੂਟ ਤੇ ਹੋਰ ਪਦਾਰਥ ਖਾਣ ਲਈ ਦਿੱਤੇ ਤੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਕੈਂਪ ਵਿਚ ਡਾ. ਰਜਿੰਦਰ ਕਲੇਰ (ਚੀਫ ਐਡੀਟਰ ਬਹੁਜਨ ਕ੍ਰਾਂਤੀ) ਸ੍ਰੀ ਕਸ਼ਮੀਰੀ ਲਾਲ, ਯਸ਼ ਖਲਵਾੜਾ, ਮੰਗਤ ਰਾਮ (ਸਰਪੰਚ), ਉਂਕਾਰ ਖਾਟੀ, ਸੁਰਿੰਦਰ ਬਾਬਾ ਗਧੀਆ, ਸ਼ੁਭਾਸ਼ ਪਲਾਹੀ ਗੇਟ, ਵਰਿੰਦਰ ਵਿਕੀ ਸਾਜਨ ਸੁੰਮਨ, ਰਵੀ, ਕੁਲਵਿੰਦਰ, ਤਾਰੀ, ਲੁਭਾਇਆ, ਅਮਨਦੀਨ, ਸੁਰਿੰਦਰ ਸੁੰਨੜਾਂ ਅਤੇ ਹੋਰ ਮੈਂਬਰ ਮੌਜੂਦ ਸਨ। ਇਸ ਮੌਕੇ 'ਤੇ ਗੌਰਵ ਮੈਡੀਕਲ ਸਟੋਰ ਵਲੋਂ ਆਈਆਂ ਸੰਗਤਾਂ ਲਈ ਚਾਹ ਦੇ ਲੰਗਰ ਦਾ ਵਧੀਆ ਪ੍ਰਬੰਧ ਕੀਤਾ ਗਿਆ। ਇਸ ਸਮਾਗਮ ਵਿਚ ਪਹੁੰਚੇ ਸੰਤ-ਮਹਾਂਪੁਰਸ਼ਾਂ ਦਾ ਅਤੇ ਆਈਆਂ ਸੰਗਤਾਂ ਦਾ ਗੁਰੂ ਰਵਿਦਾਸ ਫੋਰਸ ਪੰਜਾਬ (ਰਜਿ.) ਵਲੋਂ ਤਹਿ. ਦਿਲੋਂ ਧੰਨਵਾਦ ਕੀਤਾ ਗਿਆ।

### ਬੇਗਮਪੁਰਾ ਸ਼ਹਿਰ ਪਰਚੇ ਦੀ ਡਾਕ/ਸਾਲਾਨਾ ਚੰਦਾ ਅਤੇ ਸਹਿਯੋਗ ਭੇਜਣ ਸੰਬੰਧੀ ਜਾਣਕਾਰੀ

ਬੇਗਮਪੁਰਾ ਸ਼ਹਿਰ ਦੇ ਲੇਖਕਾਂ/ਪਾਠਕਾਂ ਅਤੇ ਸਹਿਯੋਗੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪਰਚੇ ਵਿਚ ਛਪਣ ਵਾਲੀ ਸਮੱਗਰੀ/ ਸੁਝਾਓ/ਸਾਲਾਨਾ ਚੰਦਾ ਅਤੇ ਸਹਿਯੋਗ ਪਰਚਾ ਨੰਬਰ ਨਾਲ ਹੇਠ ਲਿਖੇ ਪਤੇ 'ਤੇ ਭੇਜ ਕੇ ਪਰਚੇ ਨੂੰ ਬੁਲੰਦੀਆਂ 'ਤੇ ਲਿਜਾਣ ਦੀ ਕਾਮਨਾ ਕਰਨ ਦੀ ਕਿਰਪਾਲਤਾ ਕਰੋ ਜੀ ਧੰਨਵਾਦ।

**ਚੰਦੇ ਦਾ ਵੇਰਵਾ**

| | *ਦੇਸ਼ ਵਿਚ* | *ਵਿਦੇਸ਼ ਵਿਚ* |
|---|---|---|
| ਸਾਲਾਨਾ | 200/- ਰੁਪਏ | 35 ਪੌਂਡ |
| ਲਾਇਫ਼ ਮੈਂਬਰ | 5,000/ ਰੁਪਏ | 500 ਪੌਂਡ |

—ਸੰਤ ਸੁਰਿੰਦਰ ਦਾਸ ਬਾਵਾ
ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ
ਸਚਖੰਡ ਬੱਲਾਂ ਪਿੰਡ ਤੇ ਡਾ. ਬੱਲਾਂ,
ਜ਼ਿਲਾ ਜਲੰਧਰ

Sant Surinder Dass Bawa
Dera Shri 108 Sant Sarwan Dass Ji
Sachkhand Ballan,
V.P.O. Ballan, Distt Jal. (Pb.)



# ਗੁਰੂ ਰਵਿਦਾਸ ਫੋਰਸ ਵਲੋਂ ਫਗਵਾੜਾ ਵਿਖੇ ਜਬਰਦਸਤ ਰੋਸ ਮੁਜਾਹਰਾ

ਫਗਵਾੜਾ—ਦੂਰਦਰਸ਼ਨ ਦੇ ਰਾਸ਼ਟਰੀ ਚੈਨਲ ਤੇ ਸਤਿਗੁਰੂ ਰਵਿਦਾਸ ਮਹਾਰਾਜ ਬਾਰੇ ਮਾਨਵ ਵਿਰੋਧੀ ਸੋਚ ਦੇ ਧਾਰਣੀਆਂ ਵਲੋਂ ਸੰਤ ਰਵਿਦਾਸ ਨਾਮ ਤੇ ਇਕ ਲੜੀਵਾਰ ਫਿਲਮ ਦਾ ਪ੍ਰਦਰਸ਼ਨ ਕਰਨਾ ਸੀ। ਜਿਸਦਾ ਜਦੋਂ ਗੁਰੂ ਰਵਿਦਾਸ ਫੋਰਸ ਨੂੰ ਪਤਾ ਲੱਗਾ ਤਾਂ ਸਾਰੇ ਸਾਥੀਆਂ ਨੇ ਕਸ਼ਮੀਰੀ ਲਾਲ ਚੇਅਰਮੈਨ, ਡਾ. ਰਾਜਿੰਦਰ ਕਲੇਰ ਜਨਰਲ ਸਕੱਤਰ ਦੀ ਅਗਵਾਈ ਹੇਠ ਸੈਂਕੜੇ ਸਾਥੀਆਂ ਨੇ ਜਲੰਧਰ-ਚੰਡੀਗੜ੍ਹ ਬਾਈਪਾਸ ਜਾਮ ਕਰ ਦਿੱਤਾ। ਜਿਸ ਨਾਲ ਚਾਰੇ ਪਾਸੇ ਮੀਲਾਂ ਲੰਬੀਆਂ ਲਾਈਨਾਂ ਲੱਗ ਗਈਆਂ। ਫੋਰਸ ਦੇ ਚੇਅਰਮੈਨ ਕਸ਼ਮੀਰੀ ਲਾਲ ਅਤੇ ਡਾ. ਰਾਜਿੰਦਰ ਕਲੇਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਮਾਨਵਵਿਰੋਧੀ ਸੋਚ ਦੇ ਧਾਰਣੀਆਂ ਵਲੋਂ ਇਕ ਆਮ ਇਨਸਾਨ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਦਾ ਰੂਪ ਧਾਰਣ ਕਰਵਾ ਕੇ ਉਸਨੂੰ ਰਾਜੇ ਰਾਮ ਦਾ ਭਗਤ ਦਿਖਾਇਆ ਗਿਆ ਹੈ। ਜਿਸ ਨਾਲ ਰਵਿਦਾਸੀਆ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਸ ਫਿਲਮ ਨੂੰ ਤੁਰੰਤ ਬੰਦ ਕੀਤਾ ਜਾਵੇ। ਇਸ ਗੱਲ ਦਾ ਪਤਾ ਜਦੋਂ ਪ੍ਰਸ਼ਾਸਨ ਨੂੰ ਲੱਗਾ ਤਾਂ ਉਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਦਿਆਂ ਕਿਹਾ ਕਿ ਤੁਹਾਡੀ ਗੱਲ ਨੂੰ ਦੂਰਦਰਸ਼ਨ ਦੇ ਉੱਚ ਅਧਿਕਾਰੀਆਂ ਤੱਕ ਪਹੁੰਚਾ ਦਿੱਤੀ ਗਈ ਹੈ। ਉਨ੍ਹਾਂ ਵਿਸ਼ਵਾਸ ਦਵਾਇਆ ਕਿ ਫਿਲਮ ਦਾ ਪ੍ਰਸਾਰਣ ਨਹੀਂ ਹੋਵੇਗਾ। ਇਹ ਵਿਸ਼ਵਾਸ ਪ੍ਰਾਪਤ ਹੋਣ ਤੇ ਫੋਰਸ ਦੇ ਸਾਥੀਆਂ ਨੇ ਆਪਣਾ ਰੋਸ ਮੁਜਾਹਰਾ ਖਤਮ ਕਰਦਿਆਂ ਟ੍ਰੈਫਿਕ ਨੂੰ ਮੁੜ ਸੁਚਾਰੂ ਕੀਤਾ। ਇਸ ਮੌਕੇ ਉਂਕਾਰ ਖਾਟੀ, ਸੁਰਿੰਦਰ ਬਾਬਾ ਗਧੀਆ, ਵਰਿੰਦਰ ਬੁੱਗਾ, ਵਿੱਕੀ, ਲੁਭਾਇਆ, ਮੰਗਤ ਰਾਮ ਸਰਪੰਚ, ਸਾਜਨ ਸੁਮਨ, ਕਰਮਵੀਰ, ਹਨੀ, ਗੋਲਡੀ ਕਲੇਰ ਸਮੇਤ ਫੋਰਸ ਦੇ ਸੈਂਕੜੇ ਸਾਥੀ ਮੌਜੂਦ ਸਨ।

## ਸ਼ਰਧਾ ਦੇ ਫੁੱਲ

ਫੁੱਲ ਸ਼ਰਧਾ ਦੇ ਚੜ੍ਹਾਵੋ,
ਸੰਤ ਸਰਵਣ ਦਾਸ ਨੂੰ।
ਮੰਦਰ ਬਣਾ ਕੇ ਪੂਜਿਆ,
ਜਿਹਨਾਂ ਸਤਿਗੁਰੂ ਰਵਿਦਾਸ ਨੂੰ।

ਚਮਕਦੇ ਨੇ ਕਲਸ ਦੂਰੋਂ ਈਂ,
ਕਲਸਾਂ ਮਾਂ ਦੇ ਲਾਲ ਦੇ।
ਕਾਂਸ਼ੀ 'ਚ ਦਿੱਤਾ ਮੋੜ ਹੈ,
ਇਕ ਨਵੇਂ ਇਤਿਹਾਸ ਨੂੰ।
ਮੰਦਰ ਬਣ ਕੇ......।

ਸਦੀਆਂ ਦੇ ਮਗਰੋਂ ਫਿਰ ਜਿਥੇ,
ਇਮਲੀ ਦਾ ਬੂਟਾ ਮੌਲਿਆ।
ਬੇਗਮਪੁਰੇ ਦੇ ਲੱਭਿਆ,
ਜਿਹਨਾਂ ਹੈ ਖਾਸ ਨੂੰ।
ਮੰਦਰ ਬਣਾ ਕੇ........।

ਸੀ ਮਾਲਵੇ ਦੀ ਧਰਤ ਛੱਡ ਕੇ,
ਵਿੱਚ ਦੋਆਬੇ ਆ ਗਏ।
ਬੱਲਾਂ 'ਚ ਆ ਕੇ ਵੰਡਿਆ,
ਜਿਹਨੀਂ ਨਾਮ ਦੇ ਪ੍ਰਕਾਸ਼ ਨੂੰ।
ਮੰਦਰ ਬਣ ਕੇ........।

ਜਿੱਥੇ ਕੁਲੀਆਂ 'ਚ ਗੂੰਜਿਆ,
ਸੀ ਨਾਹਰਾ ਇਨਕਲਾਬ ਦਾ।
ਭਰ ਭਰ ਕੇ ਗੱਡੀਆਂ ਜਾਂਦੀਆਂ,
ਅੱਜ ਉਸ ਦੇ ਨਿਵਾਸ ਨੂੰ।
ਮੰਦਰ ਬਣ ਕੇ........।

ਧੂੜ ਚਰਨਾਂ ਦੀ ਚੁੰਮ-ਚੁੰਮ,
ਮੱਥੇ ਦੇ ਨਾਲ ਲਾ ਲਵੋ।
'ਜੋਸ਼ੀਲੇ' ਜਾ ਸੱਜਦਾ ਕਰੋ,
ਸੰਤਾਂ ਦੇ ਸਵਾਸ ਸਵਾਸ ਨੂੰ।
ਮੰਦਰ ਬਣ ਕੇ........।

*—ਰਾਮ ਸ਼ਰਨ ਜੋਸ਼ੀਲਾ*

ਪਿਛਲੇ ਦਿਨੀਂ ਸਬ-ਤਹਿਸੀਲ ਕਰਤਾਰਪੁਰ ਨੰਬਰਦਾਰ ਯੂਨੀਅਨ ਦੇ ਅਹੁਦੇਦਾਰਾਂ ਦੀ ਚੋਣ ਹੋਈ, ਜਿਸ ਵਿਚ ਸਰਬਸੰਮਤੀ ਨਾਲ ਨੌਜਵਾਨ ਸਮਾਜ ਸੇਵਕ ਸ੍ਰੀ ਚਰਨਜੀਤ ਸਿੰਘ ਨੰਬਰਦਾਰ ਨਵਾਂ ਪਿੰਡ ਨੂੰ (ਰਵਿਦਾਸੀਆ ਧਰਮ ਦੇ ਪ੍ਰਚਾਰਕ) ਜਨਰਲ ਸਕੱਤਰ ਨਿਯੁਕਤ ਕੀਤਾ ਗਿਆ।

# ਧੰਨ-ਧੰਨ ਬਾਬਾ ਪਿੱਪਲ ਦਾਸ ਜੀ.......

*—ਕਵੀ ਕਰਮ ਚੰਦ 'ਪ੍ਰੇਮੀ'*

ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।
ਅਰਸ਼ੀ ਪਰੀਆਂ ਮੰਗਲ ਗਾਵਣ ਦੇਵਤੇ ਫੁਲ ਬਰਸਾਉਂਦੇ।
ਖਿੜਿਆ ਚਮਨ ਸੱਚਾਈ ਵਾਲਾ ਭੌਰੇ ਗੂੰਜਾਂ ਪਾਉਂਦੇ।
ਚੰਦਰਮਾਂ ਦੇ ਵਾਂਗ ਦਾਤਾ ਤੇਰੀ ਜੋਤ ਕਰੇ ਰੁਸ਼ਨਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

ਆਪ ਖੁਦਾ ਨੇ ਤੇਰੇ ਅੰਦਰ ਭਰਿਆ ਨੂਰ ਘਨੇਰਾ।
ਵਿਚ ਦੁਨੀਆਂ ਦੇ ਪਰਗਟ ਹੋਇਉਂ ਧੰਨ ਜਨਮ ਹੈ ਤੇਰਾ।
ਆਸ਼ਾ ਪੂਰੀ ਹੁੰਦੀ ਸੱਭਦੀ ਐਸੀ ਖੇਡ ਰਚਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

ਆਪਣੇ ਚਰਨੀਂ ਲਾ ਕੇ ਦਾਤਾ ਲੱਖਾਂ ਪਾਪੀ ਤਾਰੇ।
ਤੇਰੀ ਸਫਲ ਕਮਾਈ ਉਤੇ ਦਾਤਾ ਸੱਦ ਬਲਿਹਾਰੇ।
ਜ਼ਰੇ ਜ਼ਰੇ ਦੇ ਵਿਚ ਬਾਬਾ ਤੇਰੀ ਜੋਤ ਸਮਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

ਰਹਿੰਦੀ ਦੁਨੀਆਂ ਤੋੜੀ ਸੁਆਮੀ ਜੀ ਤੇਰੀ ਉਪਮਾਂ ਹੋਵੇ।
ਜਿਹੜਾ ਤੇਰੀ ਸ਼ਰਨੀ ਆਵੇ ਜਨਮਾਂ ਦੀ ਮਲ ਧੋਵੇ।
ਦਿਨ ਪਰ ਦਿਨ ਹੇ ਬਾਬਾ ਜੀ ਤੇਰੀ ਮਹਿਮਾ ਦੂਣ ਸਵਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

ਸਰਵਣ ਦਾਸ ਦੁਲਾਰੇ ਤਾਈਂ ਸਾਰੀ ਕਾਰ ਸੰਭਾਲੀ।
ਏਸ ਬਾਗ ਦਾ ਆਪਣੇ ਹੱਥੀਂ ਆਪ ਬਣਾ ਗਏ ਮਾਲੀ।
ਆਪਣੀ ਤਾਕਤ ਇਨ੍ਹਾਂ ਨੂੰ ਦੇ ਕੇ ਕਰ ਗਏ ਆਪ ਚੜ੍ਹਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ

ਸਰਵਣ ਦਾਸ ਸੁਆਮੀ ਆਪਣਾ ਪੂਰਾ ਫਰਜ਼ ਨਿਭਾਉਂਦੇ।
ਭੁੱਲੇ ਭਟਕੇ ਜੀਵਾਂ ਨੂੰ ਭਵ-ਸਾਗਰੋਂ ਪਾਰ ਲੰਘਾਉਂਦੇ।
ਅੱਖਾਂ ਨਾਲ ਪਛਾਣੂ ਰਹਿੰਦੇ ਸਦਾ ਸਮਾਧੀ ਲਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

ਹਰੀ ਦਾਸ ਹਨ ਦਾਸ ਗੁਰਾਂ ਦੇ ਸੱਚੀ ਸੇਵਾ ਕਰਦੇ।
ਲਿਖਣੇ ਦੇ ਵਿਚ ਸਿਫਤ ਨਾ ਆਵੇ ਹੰਸ ਨੇ ਡੂੰਘੇ ਸਰਦੇ।
ਧੰਨ ਬੱਲਾਂ ਅਸਥਾਨ ਹੈ ਜਿੱਥੇ ਹੁੰਦੀ ਨਾਮ ਕਮਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

ਗਮੀਆਂ ਦੂਰ ਹੋਈਆਂ ਦੁਨੀਆਂ ਤੋਂ ਨਰ ਨਾਰੀ ਖੁਸ਼ੀ ਮਨਾਵੇ।
ਮੰਦਰਾਂ ਦੇ ਵਿਚ ਮੰਗਲ ਗਾਵਣ 'ਪ੍ਰੇਮੀ' ਅਰਜ਼ ਸੁਨਾਵੇ।
ਦਾਤਾ ਜੀ ਸਾਰੀ ਸੰਗਤ ਉੱਤੇ ਹਰ ਦਮ ਰਹੋ ਸਹਾਈ।
ਧੰਨ ਧੰਨ ਬਾਬਾ ਪਿੱਪਲ ਦਾਸ ਜੀ ਧੰਨ ਤੇਰੀ ਕਮਾਈ।

## ਹਰਿ ਦੇ ਨਿਸ਼ਾਨ ਤੇ

—ਕੁਲਦੀਪ ਕੈਲੇ

ਹਰਿ ਦੇ ਨਿਸ਼ਾਨ ਤੇ, ਝੁਕਦੀ ਹੈ ਸਾਰੀ ਦੁਨੀਆਂ।
ਬ੍ਰਹਮ ਗਿਆਨ ਤੇ, ਝੁਕਦੀ ਹੈ ਸਾਰੀ ਦੁਨੀਆਂ।

ਸਤਿਗੁਰੂ ਰਵਿਦਾਸ ਜੀ ਬੋਲੇ, ਭਰਮਾਂ ਦੇ ਭੇਦ ਸੀ ਖੋਲੇ।
ਰੱਬ ਜਿਹੇ ਇਨਸਾਨ ਤੇ, ਝੁਕਦੀ ਹੈ ਸਾਰੀ ਦੁਨੀਆਂ।

ਐਸੇ ਗੁਰਾਂ ਖੇਲ ਦਿਖਾਏ, ਗੰਗਾ ਤੇ ਪੱਥਰ ਤਰਾਏ।
ਸਦਕੇ ਭਗਵਾਨ ਦੇ, ਝੁਕਦੀ ਹੈ ਸਾਰੀਆਂ ਦੁਨੀਆਂ।

ਸਾਰੀ ਸ੍ਰਿਸ਼ਟੀ ਤਾਰੀ, ਐਸੇ ਗੁਰੂ ਪਰਉਪਕਾਰੀ।
ਆਏ ਜਦੋਂ ਆਨ ਤੇ, ਝੁਕਦੀ ਹੈ ਸਾਰੀ ਦੁਨੀਆਂ।

ਹਰਿ ਹਰਿ ਹਰਿ ਸਦਾ ਧਿਆਓ, ਚੋਰਾਸੀ ਤੋਂ ਮੁਕਤੀ ਪਾਓ।
'ਕੈਲੇ' ਸਤਿਨਾਮ ਤੇ, ਝੁਕਦੀ ਹੈ ਸਾਰੀ ਦੁਨੀਆਂ।

# अखिल भारतीय रविदासिया धर्म संगठन, मध्य प्रदेश

प्रांतीय अध्यक्ष-हरिराम चौधरी रजि. नं. □/□□□□/2011/9800206/ भारत

**कार्यालय : श्री गुरु रविदास मंदिर, नरसिंहपुर रोड़, मकरोनिया सागर ( म.प्र. ) मो. 09977697214**

क्रंमाक........... दिनांक...........................

प्रति,

आदरणीया श्रीमति प्रतिभा पाटिल जी
महामहिम राष्ट्रपति
भारत सरकार, नई दिल्ली

विषय-:जातिधर्म आधारित जनगणना में स्वेच्छा से रविदासिया धर्म लिखवाने एवं रविदासिया धर्म को शासन की मान्यता देने वाबत।

उचितमाध्यमः-

महोदय,

विषयान्तर्गत लेख है।

1. यह कि रविदासिया समाज अपने कुलगुरु पूर्वज गुरु रविदास जी महाराज के नाम से संगठन का नाम अखिल भारतीय रविदासिया धर्म संगठन रखा है जिसका पंजीयन नं. □/□□□□/2011/9800206/ भारत है।

2. यह कि अखिल भारतीय रविदासिया धर्म संगठन मुख रुप से अनुसूचित जाति वर्ग की रविदासिया समाज का अखिल भारतीय समाजिक पंजीकृत संगठन है विश्व के धर्म निशानों में रविदासिया धर्म निशान भी मान्यता प्राप्त है व गुरु रविदास जी को अपना धार्मगुरु मानता है एवं रविदास समाज अपने गुरु की अमृतमयी विचारधारा से जुड़े हुए हैं।

3. यह कि संविधान में भारतीय नागरिकों को छः मूल अधिकार प्राप्त हैं इनमें चौथा धार्मिक स्वन्त्रता का अधिकार ( अनुच्छेद-26 ) के आधार पर जातिधर्म आधारित जनगणना में हम सब स्वेच्छा से रविदासिया धर्म लिखवाना चाहते हैं।

4. यह कि गुरु रविदास जी इस देश के महानतम गुरुओं में स्थान रखते हैं मध्यप्रदेश शासन उनके पावन जन्म के उपलक्ष्य में प्रति वर्ष अन्य राज्यों की भांति राज्य अवकाश घोषित करती है एवं अनुसूचित जाति वर्ग की सेवा के लिए मध्यप्रदेश गुरु रविदास स्मृति पुरूस्कार पात्र संस्थाओं व नागरिकों को समाजिक उत्थान हेतु प्रदान करता हैं साथ ही भारत के महामहिम राष्ट्रपति महोदय एवं प्रधान मंत्री जी इस अवसर पर देश वासियों को हार्दिक बधाईयां देते हैं।

5. यह कि भारतीय संविधान के अनुच्छेद-341 के अधीन मध्यप्रदेश राज्य के संबंध में रविदास समाज अनुसूचित जाति दर्जा प्राप्त की सूची में अनुक्रमांक-14 पर अंकित है तथा केन्द्र सरकार व राज्य सरकार की नौकरी आदि में आरक्षण प्राप्त है।

6. यह कि केन्द्र शासन द्वारा जारी जनगणना प्रपत्र में धर्म से सम्बंधित कालम में विभिन्न धर्मावलम्वियों को अपना धर्म चिन्हित करने हेतु पहले से ही हिन्दु, मुस्लमान, सिक्ख, ईसाई, बौद्ध, जैन आदि धर्म नाम दिये हैं और उनके आगे बने डिब्बों में वर्गानुक्रम के अनुसार धर्मों को 1,2,3,4,5 आदि कोड से चिन्हित किया गया है जिससे अन्य धर्मावलम्बी अपना धर्म लिखवाने से वंचित रह जाते हैं अतः उपरोक्त धर्मो के नामों के साथ रविदासिया धर्म को स्थान दिया जाये, जिससे वर्गानुक्रम में रविदास समाज को अपने धर्म रविदासिया चिन्हित करने में सरलता हो सके।

आपसे अनुरोध है कि प्रास्तावित जाति धर्म आधारित जनगणना प्रपत्रों में धर्मो के क्रमों में *रविदासिया धर्म* को स्थान दिया जाये एवं मध्यप्रदेश शासन के शासकीय एवं अर्धशासकीय प्रपत्रों में रविदासिया धर्म स्वेच्छानुसार लिखवाये जाने की महाराष्ट्र प्रांत जैसी मध्यप्रदेश में मान्यता देकर निर्देश/सुझाव जारी करने की महान कृपा करें। धन्यवाद।

सादर अध्यक्ष अखिल भारतीय रविदासिया धर्म संगठन, मध्यप्रदेश

## ਵਧਾਈਆਂ

ਸ੍ਰੀਮਾਨ ਤੇਜ ਰਾਮ ਜੀ ਪਿੰਡ ਬਡਿਆਣਾ ਵਾਲਿਆਂ ਵਲੋਂ ਆਪਣੇ ਲੜਕੇ ਸ੍ਰੀ ਬਰਿੰਦਰ ਕੁਮਾਰ ਦੇ ਵਿਆਹ ਦੀਆਂ ਖੁਸ਼ੀਆਂ ਵਿਚ ਅਦਾਰਾ ਬੇਗਮਪੁਰਾ ਨੂੰ 500 ਰੁਪੈ ਸਹਿਯੋਗ ਵਜੋਂ ਭੇਜੇ ਹਨ। ਅਦਾਰਾ ਜੋੜੀ ਦੇ ਖੁਸ਼ੀਆਂ ਭਰੇ ਜੀਵਨ ਦੀ ਕਾਮਨਾ ਕਰਦਾ ਹੋਇਆ ਪਰਿਵਾਰ ਨੂੰ ਵਧਾਈਆਂ ਦਿੰਦਾ ਹੈ।

## ਵਧਾਈਆਂ

ਸ੍ਰੀਮਤੀ ਬਲਵਿੰਦਰ ਪਤਨੀ ਸ੍ਰੀ ਪਿਆਰਾ ਸਿੰਘ ਮਕਾਨ ਨੰ. 557, ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ, ਮਕਸੂਦਾਂ ਵਾਲਿਆਂ ਵਲੋਂ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਵਿਚ ਕੌਮੀ ਪੱਤ੍ਰਿਕਾ ਬੇਗਮਪੁਰਾ ਸ਼ਹਿਰ ਨੂੰ 500 ਰੁਪੈ ਸਹਿਯੋਗ ਵਜੋਂ ਭੇਜੇ ਹਨ। ਅਦਾਰਾ ਬੱਚੇ ਦੇ ਖੁਸ਼ੀਆਂ ਭਰੇ ਜੀਵਨ ਦੀ ਕਾਮਨਾ ਕਰਦਾ ਹੋਇਆ ਪਰਿਵਾਰ ਨੂੰ ਵਧਾਈਆਂ ਦਿੰਦਾ ਹੈ।

**ਸਪਤਾਹਿਕ ਬੇਗਮਪੁਰਾ ਸ਼ਹਿਰ,**
**ਆਪ ਪੜ੍ਹੋ ਅਤੇ**
**ਦੂਸਰਿਆਂ ਨੂੰ ਪੜ੍ਹਨ ਲਈ ਪ੍ਰੇਰੋ।**

## ਜਾਣਾ ਕਾਂਸ਼ੀ ਦੁਆਰੇ ਜੀ

*-ਗੀਤਕਾਰ ਸ਼ਾਮ ਬਡਿਆਲ,*

ਬਨਾਰਸ ਵੱਲ ਨੂੰ ਜਾਂਦੀਏ ਸੰਗਤੇ, ਜਾਣਾ ਕਾਂਸ਼ੀ ਦੁਆਰੇ ਜੀ।
ਸੀਰ ਗੋਵਰਧਨਪੁਰ ਵਿਚ ਸਤਿਗੁਰ, ਕਰਦੇ ਪਾਰ ਉਤਾਰੇ ਜੀ।
ਬਨਾਰਸ ਵੱਲ ਨੂੰ ਜਾਂਦੀਏ ਸੰਗਤੇ ਜਾਣਾ ਕਾਂਸ਼ੀ ਦੁਆਰੇ ਜੀ।

ਕਰਮਾਂ ਵਾਲੇ, ਭਾਗਾਂ ਵਾਲੇ ਸਤਿਗੁਰ ਜੀ ਦੇ ਦਰਸ਼ਨ ਪਾਉਂਦੇ ਨੇ।
ਖਾਲੀ ਝੋਲੀਆਂ ਲੈ ਕੇ ਜਾਂਦੇ ਭਰ ਕੇ ਉਥੋਂ ਆਉਂਦੇ ਨੇ।
ਤੂੰ ਵੀ ਸੰਗਤੇ ਭੁੱਲ ਬਖਸ਼ਾ ਲੈ ਸਤਿਗੁਰ ਜੀ ਦੇ ਖੰਡ ਨਿਆਰੇ।
ਸੀਰ ਗੋਵਰਧਨਪੁਰ ਵਿਚ ਸਤਿਗੁਰ..................।

ਰਵਿਦਾਸ ਪਿਤਾ ਜੀ ਨੇ ਕੌਮ ਦੀ ਖਾਤਰ ਐਸੇ ਮਹਿਲ ਉਸਾਰੇ।
ਨਾਗਰ ਮੱਲ ਸਿਕੰਦਰ ਲੋਧੀ ਵਰਗੇ ਆ ਗਏ ਚਲ ਦੁਆਰੇ ਜੀ।
ਨਾਮ-ਦਾਨ ਦੀ ਬਖਸ਼ਿਸ਼ ਕੀਤੀ, ਬੱਚੜੇ ਸਮਝ ਪਿਆਰੇ।
ਸੀਰ ਗੋਵਰਧਨਪੁਰ ਵਿਚ ਸਤਿਗੁਰ...............।

ਸਤਿਗੁਰ ਜੀ ਦੇ ਕੌਤਕ ਦੇਖ ਕੇ ਮੀਰਾਂ ਚਲ ਕੇ ਆਈ।
ਦੌਰੀ ਵਿਚੋਂ ਅੰਮ੍ਰਿਤ ਪੀ ਕੇ ਜ਼ਿੰਦਗੀ ਸਫਲ ਬਣਾਈ।
ਗੋਰਖ ਵੀ ਚਰਨਾਂ ਵਿਚ ਡਿੱਗਿਆ ਦੇਖ ਕੇ ਇਹ ਨਜ਼ਾਰੇ ਜੀ।
ਸੀਰ ਗੋਵਰਧਨਪੁਰ ਵਿਚ ਸਤਿਗੁਰ, ਕਰਦੇ ਪਾਰ ਉਤਾਰੇ ਜੀ।

ਸੰਪਾਦਕ, ਪ੍ਰਿੰਟਰ ਅਤੇ ਪਬਲਿਸ਼ਰ ਸੰਤ ਸੁਰਿੰਦਰ ਦਾਸ ਬਾਵਾ ਨੇ ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ ਮੁਹੱਲਾ ਸੁੰਦਰ ਨਗਰ,ਜਲੰਧਰ ਤੋਂ ਛਪਵਾ ਕੇ ਮੁੱਖ ਦਫ਼ਤਰ ਮੁਹੱਲਾ ਸੁੰਦਰ ਨਗਰ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।